# ਚਿੰਤਨ ਦੀ ਪਰਵਾਜ਼

## ਕਾਵਿ-ਸੰਗ੍ਰਹਿ-2023



ਰਵਿੰਦਰ ਰਵੀ

# ਰਵਿੰਦਰ ਰਵੀ ਰਚਿਤ ਪੁਸਤਕਾਂ

**ਕਵਿਤਾ** : ਦਿਲ ਦਰਿਆ ਸਮੁੰਦਰੋਂ ਡੂੰਘੇ, ਬੁੱਕਲ ਦੇ ਵਿਚ ਚੋਰ, ਬਿੰਦੂ, ਮੌਨ ਹਾਦਸੇ, ਦਿਲ-ਟ੍ਰਾਂਸਪਲਾਟ ਤੋਂ ਬਾਅਦ, ਸ਼ਹਿਰ ਜੰਗਲੀ ਹੈ, ਮੇਰੇ ਮੌਸਮ ਦੀ ਵਾਰੀ, ਜਲ ਭਰਮ-ਜਲ, ਚਿੱਟੇ ਕਾਲੇ ਧੱਬੇ, ਸੀਮਾਂ ਆਕਾਸ਼, ਸ਼ੀਸ਼ੇ 'ਤੇ ਦਸਤਕ, ਆਪਣੇ ਖ਼ਿਲਾਫ਼, ਸੂਰਜ ਤੇਰਾ ਮੇਰਾ, ਗੰਢਾਂ, ਸ਼ਬਦੋਂ ਪਾਰ, ਪੱਤਰ ਤੇ ਦਰਿਆ, ਛਾਵਾਂ ਤੇ ਪਰਛਾਵੇਂ, ਬਾਜ਼ ਦੀ ਨਜ਼ਰ, ਨਵੀਂ ਸਦੀ ਦੀ ਨਵੀਂ ਨਸਲ, ਸ਼ਬਦਾਂ ਦੇ ਚਿਹਰੇ, ਨਿਹੋਂਦ ਦਾ ਗੀਤ, ਫੇਸਬੁੱਕ ਕਵਿਤਾ, ਮੈਂ-ਕਾਲ: ਤ੍ਰੈਕਾਲ, ਪਾਰ ਗਾਥਾ, ਦਰਪਨ ਤੇ ਦਰਸ਼ਨ, ਸੁਕਰਾਤ ਦਾ ਗੀਤ, ਚਿੰਤਨ ਦੀ ਪਰਵਾਜ਼

**ਸਮੁੱਚੀ ਕਵਿਤਾ** : ਅਕੱਥ-ਕਥਾ, ਸੈਂਚੀ ਪਹਿਲੀ, 1955-66 (ਭਾਰਤ), ਵਣ-ਵਾਣੀ, ਸੈਂਚੀ ਦੂਜੀ, 1967-74 (ਕੀਨੀਆ), ਪਿਆਸਾ ਬੱਦਲ, ਸੈਂਚੀ ਤੀਜੀ 1975-86 (ਕੈਨੇਡਾ), ਸ਼ਬਦ ਸਾਗਰ, ਸੈਂਚੀ ਚੌਥੀ, 1986-2003 (ਕੈਨੇਡਾ), ਪਿੰਡ ਬ੍ਰਹਮੰਡ, ਸੈਂਚੀ ਪੰਜਵੀਂ, 2003- 2014 (ਕੈਨੇਡਾ)

**ਕਾਵਿ-ਨਾਟਕ** : ਬੀਮਾਰ ਸਦੀ, ਦਰ ਦੀਵਾਰਾਂ, ਅੱਧੀ ਰਾਤ ਦੁਪਹਿਰ, ਚੌਕ ਨਾਟਕ, ਰੂਹ ਪੰਜਾਬ ਦੀ, ਸਿਫ਼ਰ ਨਾਟਕ, ਤਿੰਨ ਨਾਟਕ ('ਮੱਕੜੀ ਨਾਟਕ', 'ਰੁਕੇ ਹੋਏ ਯਥਾਰਥ' ਤੇ 'ਪਛਾਣ ਨਾਟਕ'), ਮਨ ਦੇ ਹਾਣੀ, ਮਖੌਟੇ ਤੇ ਹਾਦਸੇ, ਚੱਕ੍ਰਵਯੂਹ ਤੇ ਪਿਰਾਮਿਡ, ਆਪੋ ਆਪਣੇ ਦਰਿਆ, ਹੋਂਦ ਨਿਹੋਂਦ, ਪਰਤੱਖ ਤੋਂ ਅਗਾਂਹ (ਦੋ ਕਾਵਿ ਨਾਟਕ : 'ਭਰਮ-ਜਲ' ਅਤੇ 'ਸਿਆਸੀ ਦੰਦ-ਕਥਾ')

**ਸਮੁੱਚਾ ਨਾਟਕ** : ਮੰਚ ਨਾਟਕ (1974-1990), ਮੇਰੇ ਕਾਵਿ-ਨਾਟਕ-1 (1974-1983), ਮੇਰੇ ਕਾਵਿ-ਨਾਟਕ-2 (1984-1987), ਮੇਰੇ ਕਾਵਿ-ਨਾਟਕ-3 (1990-2005), ਮੇਰੇ ਕਾਵਿ-ਨਾਟਕ-4 (2008-2010)

**ਟ੍ਰੈਲੜੀ ਨਾਟਕ** : ਸੂਰਜ ਨਾਟਕ (1974-1983)

**ਨਾਟਕ ਤੇ ਰੰਗਮੰਚ** : ਦੋ ਨਾਟਕ ਤੇ ਰੰਗਮੰਚ, ਦਰ ਦੀਵਾਰਾਂ ਤੇ ਸਿਆਸੀ ਦੰਦ-ਕਥਾ : ਮੂਲ-ਪਾਠ ਅਤੇ ਰੰਗਮੰਚਕੀ ਵੇਰਵੇ (2019), ਚੌਕ ਨਾਟਕ ਤੇ ਸਿਫਰ ਨਾਟਕ : ਮੂਲ ਪਾਠ ਤੇ ਰੰਗਮੰਚਕੀ ਵੇਰਵੇ (2020)

**ਕਹਾਣੀ** : ਚਰਾਵੀ, ਜੁਰਮ ਦੇ ਪਾਤਰ, ਸ਼ਹਿਰ ਵਿਚ ਜੰਗਲ, ਕੋਨ ਪ੍ਰਤੀਕੋਨ, ਮੈਲੀ ਪੁਸਤਕ, ਜਿੱਥੇ ਦੀਵਾਰਾਂ ਨਹੀਂ, ਕੰਪਿਊਟਰ ਕਲਚਰ, ਆਪਣੇ ਆਪਣੇ ਟਾਪੂ, ਗੋਰੀਆਂ ਸ਼ਹੀਦੀਆਂ

**ਸਮੁੱਚੀ ਕਹਾਣੀ** : ਅਘਰਵਾਸੀ (1955-1984), ਮੇਰੀ ਕਹਾਣੀ (1955-2005), ਮੇਰੀਆਂ ਸਾਰੀਆਂ ਕਹਾਣੀਆਂ (1955-2010)

**ਚਰਚਤ ਕਹਾਣੀ** : ਸਮੇਂ ਦੇ ਨਾਲ ਨਾਲ (1955-1989)

**ਪ੍ਰਤਿਨਿਧ ਕਹਾਣੀ** : ਖੰਭਾਂ ਵਾਲੇ ਪਿੰਜਰੇ (1955-2000), ਚੋਣਵੀਆਂ ਕਹਾਣੀਆਂ (ਇਸਤਰੀ ਮਰਦ ਪ੍ਰਸੰਗ), ਚੋਣਵੀਆਂ ਕਹਾਣੀਆਂ-2 (ਬ੍ਰਹਮੰਡਕ ਸਰੋਕਾਰ)

**ਸਫ਼ਰਨਾਮਾ** : ਸਿਮਰਤੀਆਂ ਦੇ ਦੇਸ਼

**ਵਾਰਤਕ** : ਮੇਰੀ ਸਾਹਿਤਕ ਸ੍ਵੈ-ਜੀਵਨੀ, ਐਟਸੈਟਰਾ-2, ਐਟਸੈਟਰਾ-3, ਮੇਰਾ ਜੀਵਨ, ਮੇਰਾ ਸਾਹਿਤ (ਸਾਹਿਤਿਕ ਸ੍ਵੈ-ਜੀਵਨੀ), ਐਟਸੈਟਰਾ-4

**ਸਮੀਖਿਆ** : ਪ੍ਰਯੋਗਸ਼ੀਲ ਕਾਵਿ-ਦਰਪਨ, ਮੇਰਾ ਕਾਵਿ-ਨਾਟ-ਲੋਕ, ਐਟਸੈਟਰਾ-1, ਮੇਰਾ ਥੀਏਟਰ ਤੇ ਇੱਕੀਵੀਂ ਸਦੀ, ਮੇਰਾ ਕਾਵਿ-ਨਾਟਕੀ ਰੰਗਮੰਚ : ਇਤਿਹਾਸਕ, ਸਿਧਾਂਤਕ ਤੇ ਤਕਨੀਕੀ ਪਰਿਪੇਖ

**ਸੰਪਾਦਨ** : ਵਿਸ਼ਵ ਪੰਜਾਬੀ ਸਾਹਿਤ, ਕਵਿਤਾ ਸਨਮੁਖ, ਕਥਾ ਸਨਮੁਖ, ਪਰਵਾਸੀ ਪੱਤਰਕਾਰ ਤਾਰਾ ਸਿੰਘ ਹੇਅਰ (ਅਭਿਨੰਦਨ ਗ੍ਰੰਥ), ਕਥਾ ਸਨਮੁਖ-2 Wind Song (Poetry), Wind Song-2 (Poetry)

**ਅੰਗਰੇਜ਼ੀ** : Restless Soul (Poetry), Cosmic Symphony (Short Stories)

**ਹੋਰਨਾਂ ਨਾਲ ਸਾਂਝੀਆਂ** : The Rebel Sound (Poetry)
The Voices of Dissent (Poetry), Green Snow (Poetry)

**ਹਿੰਦੀ** : ਅੰਧੇਰਾ ਯੂਕਲਿਪਟਸ ਔਰ ਆਗ (ਕਹਾਣੀਆਂ), ਸੂਰਜ ਕਾ ਤਕੀਆ (ਕਵਿਤਾ)।

**ਪਾਕਿਸਤਾਨ ਵਿਚ (ਸ਼ਾਹਮੁਖੀ ਲਿੱਪੀ ਵਿਚ)**

**ਕਾਵਿ-ਸੰਗ੍ਰਹਿ** : ਗੰਢਾਂ, ਸ਼ਬਦੋਂ ਪਾਰ, ਪੱਤਰ ਤੇ ਦਰਿਆ, ਸ਼ਬਦਾਂ ਦੇ ਚਿਹਰੇ, ਨਿਹੋਂਦ ਦਾ ਗੀਤ, ਨਵੀਂ ਸਦੀ ਦੀ ਨਵੀਂ ਨਸਲ, ਦਰਪਨ ਤੇ ਦਰਸ਼ਨ

**ਚੋਣਵੀਂ ਕਵਿਤਾ** : ਹੀਰਿਆਂ ਦਾ ਚੋਗ (1974-89)

**ਚੋਣਵੀਂ ਕਹਾਣੀ** : ਖੰਭਾਂ ਵਾਲੇ ਪਿੰਜਰੇ (1955-2000), ਵਗਦੇ ਦਰਿਆ (1967-2010)

**ਸਮੁੱਚਾ ਨਾਟਕ** : ਮੰਚ ਨਾਟਕ (1974-1990), ਕਾਵਿ-ਨਾਟਕ : ਮਨ ਦੇ ਹਾਣੀ (2005)

# ਚਿੰਤਨ ਦੀ ਪਰਵਾਜ਼

## ਕਾਵਿ-ਸੰਗ੍ਰਹਿ-2023

ਰਵਿੰਦਰ ਰਵੀ

ਨੈਸ਼ਨਲ ਬੁਕ ਸ਼ਾਪ
ਪਲੱਈਅਰ ਗਾਰਡਨ ਮਾਰਕਿਟ,
ਚਾਂਦਨੀ ਚੌਕ, ਦਿੱਲੀ-110 006

**CHINTAN DI PARWAAZ — ਚਿੰਤਨ ਦੀ ਪਰਵਾਜ਼**
A collection of Poetry - 2023

Written by Ravinder Ravi (R.S. Gill)

© Ravinder Ravi (R. S. GILL)
116 - 3530 Kalum Street
Terrace, B.C., Canada V8G 2P2
Telephone : (250) 635 4455
E-mail: **ravi37@telus.net** and **ravinderravi37@gmail.com**
My Website/Blog : **www.ravinder-ravi.com**

Typesetting : Kuldeep Singh (India) (M. 9811544085)
Art : K.S. Manupuria (India)

ਟਾਈਪਸੈਟਿੰਗ : ਕੁਲਦੀਪ ਸਿੰਘ (ਭਾਰਤ) (ਮੋ. 9811544085)
ਰੂਪਕਾਰ : ਕ.ਸ. ਮਾਨੂੰਪੁਰੀਆ (ਭਾਰਤ)

First Edition : 2023

ISBN 978-81-7116-000-0

**PRICE : Rs. 450.00**

*Published by :*
**NATIONAL BOOK SHOP**
Pleasure Garden Market, Near Gauri Shankar Mandir,
Chandni Chowk, Delhi-110006
Ph. : 011-45555610, 9891996919, 9811337763
Email:nbs.bookstore@gmail.com

*Printer :*
**B.K. OFFSET,** Delhi-110032

**ਫੇਸਬੁੱਕ ਮਿੱਤਰਾਂ**

ਦੇ ਨਾਂ

ਜੁ ਇਸ ਸੰਗ੍ਰਹਿ ਵਿੱਚ ਸ਼ਾਮਿਲ ਕਵਿਤਾਵਾਂ

ਦੇ ਪਹਿਲੇ ਪਾਠਕ ਤੇ

ਟਿੱਪਣੀਕਾਰ ਹਨ

# ਤਰਤੀਬ

ਰਵਿੰਦਰ ਰਵੀ ਦਾ ਜੀਵਨ ਬਿਓਰਾ 11
'ਚਿੰਤਨ ਦੀ ਪਰਵਾਜ਼' : ਆਰੰਭਕ ਸ਼ਬਦ — ਰਵਿੰਦਰ ਰਵੀ 17

## ਕਵਿਤਾਵਾਂ

1. ਲੋਅ ਦਾ ਸਫ਼ਰ 21
2. ਪੁਤਲੀ ਕਿ ਪੁਤਲੀਗਰ ? : ਲਘੂ ਕਾਵਿ-ਕਥਾ 24
3. ਦੁਫਾੜ ਨਜ਼ਰ : Double Vision 26
4. ਆਦਿ ਮਾਨਵ, ਜੁਗਾਦਿ ਮਾਨਵ 29
5. ਸੋਚ ਦੀ ਇਮਾਰਤ 31
6. ਇਸ਼ਕ ਦੀ ਸੁੱਚੀ ਬਾਣੀ 33
7. ਬੇ-ਰੁੱਤ ਜ਼ਿੰਦਗੀ 35
8. ਮਾਨਵੀ ਰੋਬੋਟ ਦੀ ਅਗਲੀ ਨਸਲ 37
9. ਸ਼ਬਦ-ਉਡਾਰੀ 38
10. ਬੁਢਾਪਾ : ਖੜੋਤ ਹੋਇਆ ਸਮਾਂ 40
11. ਪਹਾੜ ਤੇ ਸਮੁੰਦਰ ਨਾਲ ਜੁੜਿਆ ਦਰਿਆ 42
12. ਅੰਨ੍ਹਾਂ ਯੁੱਗ 44
13. 'ਫੇਸ ਟਾਈਮ' ਪਰਵਾਰ : 'Face Time' Family' 47
14. ਮੰਡੀ-ਕਲਚਰ 49
15. ਸੜਕੋਂ ਹਟਵੇਂ ਰਾਹ 51
16. ਸਾਪੇਖਤਾ 53
17. ਕੁਦਰਤ ਦਾ ਸ਼ਹਿਰੀਕਰਨ 55
18. ਸੱਖਣਾਪਣ 57
19. ਨਕਸ਼ਾ 59
20. ਵਸਤੂ ਦੀ ਤਲਾਸ਼ 61
21. ਵਿਅਕਤੀਵਾਦ ਬਨਾਮ ਭੀੜ-ਕਲਚਰ 63

22. ਥਿਰ, ਅਸਥਿਰ
ਦੇ ਵਿੱਚ ਸੰਵਾਦ 66
23. ਮਖੌਟਿਆਂ ਵਾਲੀ ਕੁੜੀ 68
24. ਦਿਸ਼ਾ-ਹੀਣ 70
25. ਬੁੱਲ੍ਹਿਆ ਸਿੱਧੀ ਲੀਕ ਵਿਖਾ 72
26. ਕੋਲ ਕੋਲ ਸਫ਼ਰ 74
27. ਮਾਨਵ, ਬੋਲੀ ਤੇ ਬ੍ਰਹਮੰਡ 75
28. ਖਲਾਈ ਵਰਤਮਾਨ ਤੇ
ਪਟੜੀ ਤੋਂ ਲੱਥਾ ਭਵਿੱਖ 76
29. ਨਵਾਂ ਯੁੱਗ, ਨਵੀਂ ਮੁਹੱਬਤ :
ਨਾਟ-ਸ਼ਾਲਾ ਦੀ ਲਘੂ ਦਾਸਤਾਨ 78
30. ਇਸ਼ਤਿਹਾਰੀ ਮਹਿਬੂਬ :
ਇਸ਼ਤਿਹਾਰੀ ਕਲਚਰ ਦੀ
ਲਘੂ ਕਥਾ 80
31. ਸੰਪੂਰਨਤਾ ਦੀ ਤਲਾਸ਼ 83
32. ਕਿਵਾੜ ਬੰਦ ਕਰਕੇ ... 85
33. ਤੁਰਦੇ ਫਿਰਦੇ ਸਿਫਰੇ 87
34. ਸ਼ਬਦ-ਖੇਡ : ਅਰਥ-ਟਾਪੂ 89
35. ਸਾਡਾ ਕਿੱਸਾ 92
36. ਸਫਰ ਦਾ ਖਿਆਲ :
ਇਕ ਫੈਂਟਸੀ 94
37. ਰੂਪ ਅਰੂਪ 96
38. ਅਗਨੀ ਦੇ ਰੰਗ 99
39. ਸਹਿਜ ਤੇ ਸੰਤੁਲਨ 100
40. ਮੇਰੇ ਹਿੱਸੇ ਦਾ ਦਰਿਆ 101
41. ਗੁਮਸ਼ੁਦਾ ਦੀ ਤਲਾਸ਼ 103
42. ਇਤਿਹਾਸ ਦਾ ਪੁਨਰ-ਪਾਠ 105
43. ਰਾਵਣ-ਰਾਜ ਦੀ ਰਾਵਾਇਣ 108
44. ਖੜੋਤਾ ਹੋਇਆ ਦਰਿਆ 109
45. ਰਿਸ਼ਤਿਆਂ ਦੀਆਂ ਮਸ਼ੀਨਾਂ 112
46. ਹਵਾ ਵਿੱਚ ਲਿਖਿਆ ਨਾਮ 114
47. ਕੁਝ ਵੀ ਅੰਤਿਮ ਨਹੀਂ 117
48. ਉੱਡਦੇ ਛਿਣ ਦੀ ਦਾਸਤਾਨ 119
49. ਅਮਾਨਵ-ਵਾਦੀ ਯੁੱਗ 121
2022 ਦੇ ਯੂਕਰੇਨ-ਰੂਸ ਯੁੱਧ
ਦੇ ਸੰਦਰਭ ਵਿੱਚ
50. ਪੰਜਾਬ ਦਾ ਸਿਆਸੀ
ਰੰਗ-ਮੰਚ : 2022 124
51. ਭਾਰਤੀ ਪੰਜਾਬੀ ਵੋਟਰ ਤੇ
ਰਾਜਨੀਤਕ ਚੇਤੰਨਤਾ 126

## ਮਿੰਨੀ ਕਵਿਤਾਵਾਂ

12 ਮਿੰਨੀ ਕਵਿਤਾਵਾਂ 131

## ਐਲਬਮ : ਮਾਹੀਆ 10 ਟੱਪੇ

ਐਲਬਮ : ਮਾਹੀਆ 137

## ਅੰਤਿਕਾ


ਰਵਿੰਦਰ ਰਵੀ ਰਚਿਤ ਕਾਵਿ-ਸੰਗ੍ਰਹਿਆਂ ਦਾ ਵੇਰਵਾ 143

ਰਵਿੰਦਰ ਰਵੀ ਰਚਿਤ ਕਾਵਿ-ਨਾਟਕਾਂ ਦਾ ਵੇਰਵਾ 144

ਰਵਿੰਦਰ ਰਵੀ ਰਚਿਤ ਕਹਾਣੀ-ਸੰਗ੍ਰਹਿਆਂ ਦਾ ਵੇਰਵਾ 148

ਰਵਿੰਦਰ ਰਵੀ ਰਚਿਤ ਫੁਟਕਲ ਪੁਸਤਕਾਂ ਦਾ ਵੇਰਵਾ 150

ਰਵਿੰਦਰ ਰਵੀ ਦੀ ਸਵੈ-ਜੀਵਨੀ 7 ਵੀਡੀਓ-ਭਾਗਾਂ ਵਿਚ, ਉਸ ਦੇ ਵੈਬਸਾਈਟ ਉੱਤੇ: www.ravinder-ravi.com 151

ਰਵਿੰਦਰ ਰਵੀ ਦੇ ਸਾਹਿਤ ਉੱਤੇ ਪ੍ਰਾਪਤ ਆਲੋਚਨਾਤਮਕ ਪੁਸਤਕਾਂ 152

ਰਵਿੰਦਰ ਰਵੀ ਦੇ ਸਾਹਿਤ ਉੱਤੇ ਪੀ.ਐਚ.ਡੀ. ਪੱਧਰ ਦਾ ਖੋਜ-ਕਾਰਜ 155

ਰਵਿੰਦਰ ਰਵੀ ਦੇ ਸਾਹਿਤ ਉੱਤੇ ਐਮ.ਫਿਲ. ਤੇ ਐਮ.ਏ. ਪੱਧਰ ਦਾ ਖੋਜ-ਕਾਰਜ 157

ਰਵਿੰਦਰ ਰਵੀ ਨੂੰ ਮਿਲੇ ਪੁਰਸਕਾਰਾਂ ਦਾ ਵੇਰਵਾ 159

ਰਵਿੰਦਰ ਰਵੀ ਨੂੰ ਮਿਲੇ ਸਨਮਾਨਾਂ ਦਾ ਵੇਰਵਾ 162

'ਇਆਪਾ'(I.A.P.A.A.) ਵਲੋਂ ਦਿੱਤੇ ਗਏ ਪੁਰਸਕਾਰ 164


## ਪੁਸਤਕ ਦਰਸ਼ਨ


ਰਵਿੰਦਰ ਰਵੀ ਦੀਆਂ ਬਹੁ-ਅਰਥੀ ਕਵਿਤਾਵਾਂ : ਸੁਕਰਾਤ ਦਾ ਗੀਤ — ਰਵਿੰਦਰ ਸਿੰਘ ਸੋਢੀ 169

ਦਿੱਸਦੇ ਯਥਾਰਥ ਤੋਂ ਪਾਰ ਦੇ ਦੂਰ ਅੰਦੇਸ਼ ਸਿੱਟਿਆਂ ਦੀ ਨਿਸ਼ਾਨਦੇਹੀ ਕਰਦੀ ਕਵਿਤਾ — ਨਿਰੰਜਨ ਬੋਹਾ 175

"ਸੁਕਰਾਤ ਦਾ ਗੀਤ" : ਹਰ ਯੁੱਗ ਦੇ ਮੇਚ ਦਾ ਕਾਵਿ — ਗਗਨਮੀਤ 180

ਦਰਪਨ ਤੇ ਦਰਸ਼ਨ — ਭਗਵਾਨ ਸਿੰਘ ਢਿੱਲੋਂ 185

ਸੁਕਰਾਤ ਦਾ ਗੀਤ — ਸੰਧੂ ਵਰਿਆਣਵੀ 187

# ਰਵਿੰਦਰ ਰਵੀ ਦਾ ਜੀਵਨ ਬਿਓਰਾ

ਜਨਮ : ਮਾਰਚ 8, 1937, ਸਿਆਲਕੋਟ (ਪਾਕਿਸਤਾਨ)
ਜਨਮ-ਮਿਤੀ : ਸਰਕਾਰੀ ਰੀਕਾਰਡ ਵਿਚ ਮਾਰਚ 8, 1938 ਦਰਜ ਹੈ
ਪਿਤਾ : ਪ੍ਰੋ. ਪਿਆਰਾ ਸਿੰਘ ਗਿੱਲ
ਮਾਤਾ : ਚਰਨਜੀਤ ਕੌਰ
ਪਤਨੀ : ਕਸ਼ਮੀਰ ਕੌਰ
ਪੁੱਤਰ : ਅੰਮ੍ਰਿਤਪਾਲ ਅਤੇ ਸਹਿਜਪਾਲ
ਨੂੰਹਾਂ : ਪਲਬਿੰਦਰ ਤੇ ਮਨਵੀਨ
ਪੋਤਰੀਆਂ : ਮਨਪ੍ਰੀਯਾ ਤੇ ਮੋਹਨਾਮ
ਪੋਤਰੇ : ਈਮਾਨ, ਕੁਰਬਾਨ ਤੇ ਸਾਗਰ
ਵਿੱਦਿਆ : ਐਮ.ਏ., ਬੀ.ਏ. (ਆਨਰਜ਼), ਬੀ. ਟੀ.
ਜੱਦੀ ਪਿੰਡ : ਜਗਤਪੁਰ (ਨਵਾਂ ਸ਼ਹਿਰ)

ਰਵੀ ਨੇ ਮੁੱਢਲੀ ਵਿੱਦਿਆ ਸਿਆਲਕੋਟ ਦੇ ਖਾਲਸਾ ਸਕੂਲ ਵਿਚ ਪ੍ਰਾਪਤ ਕੀਤੀ ਅਤੇ ਚੌਥੀ ਸ਼੍ਰੇਣੀ ਵਿਚ ਡਿਸਟ੍ਰਿਕਟ ਬੋਰਡ ਦਾ ਵਜ਼ੀਫ਼ਾ ਵੀ ਹਾਸਿਲ ਕੀਤਾ। ਉਸ ਦੇ ਪਿਤਾ ਉਸ ਸਮੇਂ ਮਰੇ ਕਾਲਜ ਸਿਆਲਕੋਟ ਵਿਚ ਪੰਜਾਬੀ ਦੇ ਅਧਿਆਪਕ ਸਨ। 1947 ਦੇ ਬਟਵਾਰੇ ਉਪਰੰਤ ਰਵਿੰਦਰ ਰਵੀ ਸਿਆਲਕੋਟ ਨੂੰ ਛੱਡ ਕੇ ਆਪਣੇ ਪਰਵਾਰ ਸਮੇਤ, ਆਪਣੇ ਜੱਦੀ ਪਿੰਡ ਜਗਤਪੁਰ, ਜ਼ਿਲ੍ਹਾ ਨਵਾਂ ਸ਼ਹਿਰ ਵਿਚ ਆ ਵੱਸਿਆ। ਏਥੋਂ ਡੇਢ ਕੁ ਮੀਲ ’ਤੇ ਸਥਿਤ ਸਰਹਾਲ ਕਾਜ਼ੀਆਂ ਦੇ ਖਾਲਸਾ ਹਾਈ ਸਕੂਲ ਤੋਂ ਉਸ ਨੇ, 1952 ਵਿਚ, ਮੈਟ੍ਰਿਕੁਲੇਸ਼ਨ ਦਾ ਇਮਤਿਹਾਨ ਪਾਸ ਕੀਤਾ ਅਤੇ ਲਾਇਲਪੁਰ ਖਾਲਸਾ ਕਾਲਜ, ਜਲੰਧਰ ਵਿਚ ਐਫ. ਐਸ. ਸੀ. (ਮੈਡੀਕਲ) ਵਿਚ ਦਾਖ਼ਲਾ ਲੈ ਲਿਆ। ਉਨ੍ਹਾਂ ਦਿਨਾਂ ਵਿਚ ਉਸ ਦੇ ਪਿਤਾ ਪ੍ਰੋਫੈਸਰ ਪਿਆਰਾ ਸਿੰਘ ਗਿੱਲ, ਇਸ ਕਾਲਜ ਵਿਚ ਪੰਜਾਬੀ ਦੇ

ਅਧਿਆਪਕ ਸਨ। ਉਨ੍ਹਾਂ ਦੀ ਇੱਛਾ ਸੀ ਕਿ ਰਵੀ ਐਮ. ਬੀ. ਬੀ. ਐਸ. ਕਰਕੇ ਡਾਕਟਰ ਬਣੇ। ਪਰ ਰਵੀ ਨੂੰ ਮੈਡੀਕਲ ਸਾਇੰਸ ਦੇ ਇਨ੍ਹਾਂ ਵਿਸ਼ਿਆਂ ਵਿਚ ਕੋਈ ਦਿਲਚਸਪੀ ਨਹੀਂ ਸੀ। ਐਫ. ਐਸ. ਸੀ. 'ਚੋਂ ਦੋ ਕੁ ਵਾਰ ਫੇਲ੍ਹ ਹੋ ਕੇ, 1955 ਵਿਚ ਉਸ ਨੇ ਜਲੰਧਰ ਦੇ ਦੋਆਬਾ ਖਾਲਸਾ ਹਾਈ ਸਕੂਲ ਵਿਚ ਜੇ. ਬੀ. ਟੀ. (ਜੂਨੀਅਰ ਬੇਸਿਕ ਟੀਚਰਜ਼ ਟ੍ਰੇਨਿੰਗ) ਵਿਚ ਦਾਖ਼ਲਾ ਲੈ ਲਿਆ। 14 ਮਈ, 1956 ਨੂੰ, ਜੇ. ਬੀ. ਟੀ. ਪਾਸ ਕਰਨ ਉਪਰੰਤ, ਉਹ ਆਪਣੇ ਜੱਦੀ ਪਿੰਡ ਜਗਤਪੁਰ ਦੇ ਸਕੂਲ ਵਿਚ ਅਧਿਆਪਕ ਲੱਗ ਗਿਆ। ਅਗਲੇ 8 ਕੁ ਸਾਲਾਂ ਵਿਚ ਏਥੇ ਪੜ੍ਹਾਉਂਦਿਆਂ ਹੀ ਉਸ ਨੇ ਗਿਆਨੀ, ਬੀ. ਏ., ਐਮ. ਏ. ਅਤੇ ਬੀ. ਟੀ. ਦੀਆਂ ਪ੍ਰੀਖਿਆਵਾਂ ਪਾਸ ਕੀਤੀਆਂ। ਇਸ ਉਪਰੰਤ 6 ਕੁ ਮਹੀਨੇ ਜਲੰਧਰ ਦੇ ਗੌਰਮੈਂਟ ਮਾਡਲ ਹਾਇਰ ਸੈਕੰਡਰੀ ਸਕੂਲ ਵਿਚ ਅਤੇ ਦੋ ਕੁ ਸਾਲ ਤਲਵਣ, ਜ਼ਿਲ੍ਹਾ ਜਲੰਧਰ ਦੇ ਗੌਰਮੈਂਟ ਹਾਇਰ ਸੈਕੰਡਰੀ ਸਕੂਲ ਵਿਚ ਉਸ ਨੇ ਅੰਗਰੇਜ਼ੀ ਅਤੇ ਪੰਜਾਬੀ ਦਾ ਅਧਿਆਪਨ ਕੀਤਾ।

ਇਸ ਤਰ੍ਹਾਂ ਰਵਿੰਦਰ ਰਵੀ ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਲਗਭਗ ਦਸ ਸਾਲ ਅਧਿਆਪਨ ਉਪਰੰਤ ਜਨਵਰੀ 1967 ਵਿਚ ਕੀਨੀਆਂ ਚਲਾ ਗਿਆ। ਅਗਲੇ ਅੱਠ ਸਾਲ ਕੀਨੀਆਂ ਵਿਚ ਅਧਿਆਪਨ ਦੇ ਦੌਰਾਨ ਉਸ ਨੇ ਯੂਰਪ, ਉੱਤਰੀ ਅਮਰੀਕਾ, ਅਫ਼ਰੀਕਾ ਤੇ ਏਸ਼ੀਆ ਦੇ ਕਈ ਦੇਸ਼ਾਂ ਦਾ ਵਿਸ਼ਾਲ ਦੇਸ਼ਾਟਨ ਕੀਤਾ।

1974 ਦੇ ਅੰਤ ਵਿਚ ਉਹ ਮੱਧ ਪੂਰਬ, ਯੂਰਪ ਤੇ ਇੰਗਲੈਂਡ ਦੀ ਗਰਦੌਰੀ ਕਰਦਾ, ਪੱਕੇ ਤੌਰ 'ਤੇ ਕੈਨੇਡਾ ਆ ਗਿਆ। ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ (ਬੀ. ਸੀ.) ਪ੍ਰਾਂਤ ਦੇ ਵਿੱਦਿਅਕ ਮੰਤਰਾਲੇ ਤੋਂ ਉਸ ਨੇ 1975 ਵਿਚ ਪ੍ਰੋਫੈਸ਼ਨਲ ਟੀਚਿੰਗ ਸਰਟੀਫਿਕੇਟ ਪ੍ਰਾਪਤ ਕੀਤਾ ਤੇ ਬੀ. ਸੀ. ਕਾਲਜ ਆਫ ਟੀਚਰਜ਼ ਦਾ ਮੈਂਬਰ ਬਣ ਗਿਆ। ਬਾਅਦ ਵਿਚ ਉਸ ਨੇ ਸ਼ਿਕਾਰ ਖੇਡਣ (Hunting) ਦਾ ਡਿਪਲੋਮਾ ਵੀ ਪ੍ਰਾਪਤ ਕੀਤਾ।

ਏਥੇ ਸੈਕੰਡਰੀ ਸਕੂਲ ਵਿਚ ਅੰਗੇਰਜ਼ੀ ਤੇ ਸਮਾਜ-ਸ਼ਾਸਤਰ ਵਿਭਾਗ ਦੇ ਮੁਖੀ ਦੇ ਤੌਰ 'ਤੇ ਗਿਆਰਾਂ ਕੁ ਸਾਲ ਅੰਗਰੇਜ਼ੀ ਭਾਸ਼ਾ, ਅੰਗਰੇਜ਼ੀ ਸਾਹਿਤ, ਪੱਤਰਕਾਰੀ ਤੇ ਸਾਹਿਤ-ਰਚਨਾ ਪੜ੍ਹਾਉਣ ਉਪਰੰਤ ਡਿਸਟ੍ਰਿਕਟ ਰੀਸੋਰਸ ਸੈਂਟਰ ਦਾ ਕੋਆਰਡੀਨੇਟਰ ਬਣ ਕੇ ਉਹ ਖੋਜ-ਵਿੱਦਿਆ ਪੜ੍ਹਾਉਂਦਾ ਰਿਹਾ। ਸਤੰਬਰ, 1991 ਤੋਂ 30 ਜੂਨ, 2003 ਤਕ, ਉਸ ਨੇ ਨਿਸਗਾ ਟੀਚਰਜ਼ ਯੂਨੀਅਨ ਦੇ ਕੁਲਵਕਤੀ ਪ੍ਰਧਾਨ ਦੇ ਤੌਰ 'ਤੇ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਪ੍ਰਾਂਤ ਵਿਚ ਅਧਿਆਪਕ ਰਾਜਨੀਤੀ ਅਤੇ ਟ੍ਰੇਡ ਯੂਨੀਅਨ ਮੂਵਮੈਂਟ ਵਿਚ ਸਰਗਰਮ ਹਿੱਸਾ ਲਿਆ ਤੇ ਆਪਣਾ ਯੋਗਦਾਨ ਪਾਇਆ। 1 ਜਲਾਈ, 2003 ਤੋਂ ਉਹ ਅਧਿਆਪਨ ਦੇ ਇਸ ਕਿੱਤੇ ਤੋਂ ਪੂਰਨ ਤੌਰ 'ਤੇ ਸੇਵਾ-ਮੁਕਤ ਹੋ ਕੇ ਕੁਲਵਕਤੀ ਲੇਖਕ ਬਣ ਗਿਆ। ਰਵੀ ਸਭ ਤੋਂ ਪਹਿਲਾ ਪਰਵਾਸੀ ਲੇਖਕ ਹੈ, ਜਿਸ ਨੂੰ ਭਾਸ਼ਾ ਵਿਭਾਗ

ਪੰਜਾਬ ਤੇ ਪੰਜਾਬ ਆਰਟਸ ਕੌਂਸਲ ਨੇ, 1980 ਵਿਚ ਸ਼੍ਰੋਮਣੀ ਸਾਹਿਤਕਾਰ ਦੇ ਪੁਰਸਕਾਰਾਂ ਨਾਲ ਸਨਮਾਨਿਆ। ਉਸਦੇ ਨਾਟਕ "ਅੱਧੀ ਰਾਤ ਦੁਪਹਿਰ" (1983) ਨੂੰ ਭਾਸ਼ਾ ਵਿਭਾਗ ਪੰਜਾਬ ਨੇ 'ਈਸ਼ਵਰ ਚੰਦਰ ਨੰਦਾ ਪੁਰਸਕਾਰ' ਨਾਲ ਸਨਮਾਨਤ ਕੀਤਾ। 1992 ਵਿਚ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਨੇ ਕਰਤਾਰ ਸਿੰਘ ਧਾਲੀਵਾਲ ਪੁਰਸਕਾਰ ਨਾਲ, 1993 ਵਿਚ ਏਸ਼ੀਅਨ ਰਾਈਟਰਜ਼ ਐਸੋਸੀਏਸ਼ਨ (ਡੈਨਮਾਰਕ) ਨੇ ਬਾਬਾ ਬੁੱਲ੍ਹੇ ਸ਼ਾਹ ਪੁਰਸਕਾਰ ਨਾਲ ਤੇ 1994 ਵਿਚ ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ (ਅਮਰੀਕਾ) ਨੇ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਨਾਲ ਸਨਮਾਨਿਆ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ 2000 ਵਿਚ ਪ੍ਰੋ. ਪੂਰਨ ਸਿੰਘ ਦਹਿਸਦੀ (ਮਿਲੇਨੀਅਮ) ਪੁਰਸਕਾਰ ਨਾਲ ਅਤੇ 2001 ਵਿਚ ਮਹਾਰਾਜਾ ਰਣਜੀਤ ਸਿੰਘ ਪੁਰਸਕਾਰ ਨਾਲ ਸਨਮਾਨਤ ਕੀਤਾ। ਜੂਨ, 2003 ਵਿਚ ਨਿਸਗਾ ਸਕੂਲ-ਜ਼ਿਲ੍ਹੇ ਦੇ ਸਕੂਲ ਬੋਰਡ ਨੇ ਅਤੇ ਜਨਵਰੀ, 2004 ਵਿਚ ਨਿਸਗਾ ਟੀਚਰਜ਼ ਯੂਨੀਅਨ ਨੇ ਉਸ ਦਾ ਵਿਸ਼ੇਸ਼ ਅਭਿਨੰਦਨ ਕੀਤਾ। 22 ਅਗਸਤ, 2004 ਨੂੰ ਵਿਸ਼ਵ ਪੰਜਾਬੀ ਸਾਹਿਤ ਅਕਾਡਮੀ, ਕੈਲੇਫੋਰਨੀਆਂ ਯੂ.ਐਸ.ਏ. ਨੇ ਤੇ 2005 ਵਿਚ ਇੰਡੋ ਕਨੇਡੀਅਨ ਕਲਚਰਲ ਐਸੋਸੀਏਸ਼ਨ (ਕੈਨੇਡਾ) ਨੇ ਰਵੀ ਨੂੰ ਸਮੁੱਚੀ ਸਾਹਿਤਿਕ ਦੇਣ ਲਈ ਸਨਮਾਨਿਆ।

22 ਜਨਵਰੀ, 2006 ਨੂੰ ਲਾਹੌਰ ਪਾਕਿਸਤਾਨ ਵਿਚ, ਰਵਿੰਦਰ ਰਵੀ ਨੂੰ "ਅਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ" ਨੇ "ਜੀਵਨ-ਕਾਲ-ਪ੍ਰਾਪਤੀ-ਪੁਰਸਕਾਰ" ਨਾਲ, "ਵਰਲਡ ਇਨਸਟੀਚਿਊਟ ਆਫ਼ ਪੰਜਾਬੀ ਲਿਟਰੇਚਰ ਐਂਡ ਹੈਰੀਟੇਜ" ਨੇ "ਤਮਗ਼ਾ-ਏ-ਹੁਸਨ-ਏ-ਕਾਰਕਰਦਗੀ" ਨਾਲ, "ਐਸੋਸੀਏਸ਼ਨ ਆਫ਼ ਰਾਈਟਰਜ਼ ਐਂਡ ਆਰਟਿਸਟਸ" ਨੇ "ਗੋਲਡ ਮੈਡਲ" ਨਾਲ ਅਤੇ ਲਾਹੌਰ ਦੇ ਪੰਜਾਬੀ ਪੱਤਰਕਾਰਾਂ ਦੀ ਸੰਸਥਾ ਨੇ "ਸ਼ਾਲ" ਨਾਲ ਅਭਿਨੰਦਤ ਕੀਤਾ। ਇਸੇ ਸਾਲ ਭਾਰਤ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਤੇ ਪੰਜਾਬੀ ਲੇਖਕ ਸਭਾ, ਜਗਤਪੁਰ (ਰਜਿ:) ਨੇ ਵੀ ਉਸ ਦਾ ਉਚੇਚਾ ਸਨਮਾਨ ਕੀਤਾ। ਸਾਲ 2006 ਵਿਚ ਹੀ ਖਾਲਸਾ ਦੀਵਾਨ ਸੋਸਾਇਟੀ, ਵੈਨਕੂਵਰ (ਕੈਨੇਡਾ) ਨੇ ਆਪਣੇ ਸੌ ਸਾਲਾ ਯਾਦਗਾਰੀ ਦਿਵਸ ਦੇ ਸਮਾਗਮ ਸਮੇਂ ਰਵੀ ਨੂੰ ਉਸਦੀਆਂ ਸਮੁੱਚੀਆਂ ਸਾਹਿਤਿਕ ਪ੍ਰਾਪਤੀਆਂ ਲਈ "ਵਿਲੱਖਣ-ਪ੍ਰਾਪਤੀ-ਪੁਰਸਕਾਰ" ਨਾਲ ਸਨਮਾਨਤ ਕੀਤਾ। 2007 ਵਿਚ ਵੀ ਉਸਨੂੰ ਪੰਜਾਬੀ ਅਕਾਦਮੀ, ਲਿਸਟਰ (ਇੰਗਲੈਂਡ), ਸਿਪਸਾ ਤੇ ਅਦਾਰਾ ਵੀਯਨਜ਼ ਆਫ਼ ਪੰਜਾਬ ਟੀ.ਵੀ., ਟਰਾਂਟੋ, ਕੈਨੇਡਾ ਨੇ ਸਨਮਾਨਤ ਕੀਤਾ। 2008 ਵਿਚ ਕੈਨੇਡਾ ਦੇ 'ਪਰਵਾਸੀ ਮੀਡੀਆ ਗਰੁੱਪ' ਨੇ ਉਸ ਨੂੰ "ਸਰਬ-ਸ੍ਰੇਸ਼ਟ ਸਾਹਿਤਕਾਰ ਪੁਰਸਕਾਰ" ਭੇਟ ਕੀਤਾ। 2011 ਵਿਚ ਜੇ ਪੰਜਾਬੀ ਨਾਟਕ ਅਕਾਦਮੀ (ਲੁਧਿਆਣਾ, ਭਾਰਤ) ਨੇ ਰਵਿੰਦਰ ਰਵੀ ਨੂੰ "ਨਾਟ ਸ਼੍ਰੋਮਣੀ" ਪੁਰਸਕਾਰ ਨਾਲ ਸਨਮਾਨਣ ਦੀ ਘੋਸ਼ਨਾ ਕੀਤੀ ਤਾਂ "ਯੂਨੀਵਰਸਿਟੀ ਆਫ਼

ਬ੍ਰਿਟਿਸ਼ ਕੋਲੰਬੀਆ (UBC)", ਵੈਨਕੂਵਰ, ਕੈਨੇਡਾ ਅਤੇ "ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਸਰੀ, ਕੈਨੇਡਾ" ਨੇ ਉਸ ਨੂੰ "ਜੀਵਨ-ਕਾਲ ਪ੍ਰਾਪਤੀ" ਪੁਰਸਕਾਰਾਂ ਨਾਲ ਸਨਮਾਨਿਆ। ਸਾਲ 2012 ਵਿਚ "ਅਰਪਨ ਲਿਖਾਰੀ ਸਭਾ", ਕੈਲਗਰੀ (ਅਲਬਰਟਾ, ਕੈਨੇਡਾ) ਨੇ ਰਵੀ ਨੂੰ "ਇਕਬਾਲ ਅਰਪਨ ਯਾਦਗਾਰੀ ਜੀਵਨ-ਕਾਲ ਪ੍ਰਾਪਤੀ ਪੁਰਸਕਾਰ" ਨਾਲ ਅਭਿਨੰਦਤ ਕੀਤਾ। 2013 ਵਿਚ "ਪੰਜਾਬੀ ਆਰਸੀ ਰਾਈਟਰਜ਼ ਕਲੱਬ (ਕੈਨੇਡਾ)" ਨੇ ਉਸ ਨੂੰ 'ਜੀਵਨ-ਕਾਲ ਪ੍ਰਾਪਤੀ ਪੁਰਸਕਾਰ' ਦਿੱਤਾ।

ਉਹ ਇਆਪਾ ਦਾ ਮੋਢੀ ਪ੍ਰਧਾਨ ਤੇ ਅੰਤਰ-ਰਾਸ਼ਟਰੀ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਦਾ ਸੰਚਾਲਕ ਹੈ। ਰਵਿੰਦਰ ਰਵੀ ਪਾਕਿਸਤਾਨ ਤੋਂ ਬਾਹਰ ਵੱਸਦਾ ਪਹਿਲਾ ਗ਼ੈਰ-ਪਾਕਿਤਸਾਨੀ ਲੇਖਕ ਹੈ—ਜਿਸਦੀਆਂ ਪੁਸਤਕਾਂ ਕਾਇਦੇ ਆਜ਼ਮ ਯੂਨੀਵਰਸਿਟੀ, ਇਸਲਾਮਾਬਾਦ ਵਿਚ ਐਮ. ਏ. (ਪੰਜਾਬੀ) ਦੇ ਕੋਰਸ ਵਿਚ ਲੱਗੀਆਂ ਰਹੀਆਂ ਹਨ। ਪਾਕਿਸਤਾਨ ਵਿਚ ਉਸ ਦੇ ਕਾਵਿ-ਨਾਟਕਾਂ ਉੱਤੇ ਪੀ.ਐੱਚ.ਡੀ. ਪੱਧਰ ਦਾ ਖੋਜ-ਕਾਰਜ ਵੀ ਹੋ ਚੁੱਕਾ ਹੈ। ਪੰਜਾਬੀ ਡਰਾਮੇ ਉੱਤੇ ਆਪਣਾ ਇਹ ਖੋਜ-ਕਾਰਜ, ਡਾ. ਨਿਗਹਤ ਖ਼ੁਰਸ਼ੀਦ ਨਾਰੂ ਨੇ, 2009 ਵਿਚ, ਪੰਜਾਬ ਯੂਨੀਵਰਸਿਟੀ, ਲਾਹੌਰ, ਨੂੰ ਪ੍ਰਸਤੁਤ ਕੀਤਾ।

ਡਾ. ਰਵਿੰਦਰ ਕੌਰ ਬੇਦੀ ਨੇ "ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ ਥੀਮ-ਵਿਗਿਆਨਕ ਅਧਿਐਨ", ਵਿਸ਼ੇ ਉੱਤੇ, ਆਪਣਾ ਖੋਜ-ਕਾਰਜ, 2008 ਵਿਚ, ਦਿੱਲੀ ਯੂਨੀਵਰਸਿਟੀ (ਭਾਰਤ) ਨੂੰ ਪ੍ਰਸਤੁਤ ਕਰਕੇ, ਪੀ.ਐਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ, ਜੋ ਪੁਸਤਕ ਰੂਪ ਵਿਚ 2014 ਵਿਚ ਛਪੀ। ਡਾ. ਕਿਰਨਦੀਪ ਕੌਰ ਨੇ "ਰਵਿੰਦਰ ਰਵੀ ਦਾ ਰਚਨਾ-ਸੰਸਾਰ : ਸੰਵੇਦਨਾ ਤੇ ਸੁਹਜ-ਸੰਚਾਰ", ਵਿਸ਼ੇ ਉੱਤੇ ਆਪਣਾ ਖੋਜ-ਕਾਰਜ, 2013 ਵਿਚ ਸੰਪੂਰਨ ਕਰਕੇ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਜਾਬ, ਭਾਰਤ ਤੋਂ ਪੀ.ਐਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ। ਉਸ ਦਾ ਇਹ ਖੋਜ-ਕਾਰਜ ਪੁਸਤਕ-ਰੂਪ ਵਿਚ ਵੀ ਛਪ ਚੁੱਕਾ ਹੈ।

ਪੰਜਾਬੀ ਕਾਵਿ-ਨਾਟਕ ਦੇ ਖੇਤਰ ਵਿਚ ਰਵਿੰਦਰ ਰਵੀ ਨੇ ਇਕ ਨਵਾਂ ਤੇ ਵਿਲੱਖਣ ਇਤਿਹਾਸ ਸਿਰਜਿਆ ਹੈ। ਉਸ ਨੇ ਹੁਣ ਤਕ, 16 ਕਾਵਿ-ਨਾਟਕ ਲਿਖੇ ਹਨ ਅਤੇ 16 ਦੇ 16 ਹੀ 1976 ਤੋਂ 2018 ਤਕ ਦੇ 42 ਸਾਲਾਂ ਵਿਚ ਭਾਰਤ ਦੇ ਨਾਮਵਰ ਰੰਗਕਰਮੀਆਂ ਵੱਲੋਂ ਖੇਡੇ ਜਾ ਚੁੱਕੇ ਹਨ।

2015 ਵਿਚ CIPSA (Canadian International Punjabi Sahit Academy - Brampton, ONT, Canada) ਨੇ ਰਵਿੰਦਰ ਰਵੀ ਨੂੰ "ਬਲਵੰਤ ਗਾਰਗੀ ਮੈਮੋਰੀਅਲ ਇੰਟਰਨੈਸ਼ਨਲ ਅਵਾਰਡ ਆਫ਼ ਡਿਸਟਿੰਕਸ਼ਨ" ਨਾਲ ਸਨਮਾਨਤ ਕੀਤਾ। ਇਹ ਪੁਰਸਕਾਰ ਉਸ ਨੂੰ ਕਾਵਿ-ਨਾਟਕ ਅਤੇ ਥੀਏਟਰ ਦੇ ਖੇਤਰ ਵਿਚ ਪਾਏ ਇਤਿਹਾਸਕ ਯੋਗਦਾਨ ਲਈ ਦਿੱਤਾ ਗਿਆ।

# ‘ਚਿੰਤਨ ਦੀ ਪਰਵਾਜ਼’ : ਆਰੰਭਕ ਸ਼ਬਦ

ਰਵਿੰਦਰ ਰਵੀ



ਸਿਰਜਣਾ,
ਇੱਕੋ ਸਮੇਂ,
ਮੀਂਹ ਵਾਂਗ ਵੱਸਣ,
ਤੇ
ਉਸ ਵਿੱਚ ਭਿੱਜਣ ਸਮਾਨ ਹੁੰਦੀ ਹੈ !!!

'ਵਿਅਕਤੀਵਾਦ ਬਨਾਮ ਭੀੜ-ਕਲਚਰ', ਵਿੱਚੋਂ-

**ਨੋਟ :** ਇਹ ਕਵਿਤਾ ਇਸ ਕਾਵਿ-ਸੰਗ੍ਰਹਿ : "ਚਿੰਤਨ ਦੀ ਪਰਵਾਜ਼" ਵਿੱਚ ਸ਼ਾਮਿਲ ਹੈ।

# ਚਿੰਤਨ ਦੀ ਪਰਵਾਜ਼ : ਆਰੰਭਕ ਸ਼ਬਦ



"ਚਿੰਤਨ ਦੀ ਪਰਵਾਜ਼", 2023 ਵਿੱਚ ਛਪਿਆ, ਮੇਰਾ 27ਵਾਂ ਕਾਵਿ-ਸੰਗ੍ਰਹਿ ਹੈ। ਲਿਖਣਾ ਭਾਵੇਂ ਮੈਂ 1955 ਵਿੱਚ ਸ਼ੁਰੂ ਕੀਤਾ ਸੀ ਪਰ ਮੇਰਾ ਪਹਿਲਾ ਕਾਵਿ-ਸੰਗ੍ਰਹਿ : "ਦਿਲ ਦਰਿਆ ਸਮੁੰਦਰੋਂ ਡੂੰਘੇ" 1961 ਵਿੱਚ ਛਪਿਆ ਸੀ।

ਕਵਿਤਾ, ਕਹਾਣੀ, ਕਾਵਿ-ਨਾਟਕ, ਸਫ਼ਰਨਾਮਾ, ਸਾਹਿਤਕ ਸਵੈ-ਜੀਵਨੀ, ਵਾਰਤਕ ਤੇ ਆਲੋਚਨਾ ਆਦਿ ਸਾਹਿਤ-ਰੂਪਾਂ ਵਿੱਚ ਲਿਖਦਿਆਂ, 66-67 ਸਾਲ ਹੋ ਚੁੱਕੇ ਹਨ, ਪਰ ਸਫ਼ਰ ਅਜੇ ਵੀ ਜਾਰੀ ਹੈ।

"ਚਿੰਤਨ ਦੀ ਪਰਵਾਜ਼" ਦੀ ਵਧੇਰੇ ਕਵਿਤਾ ਨੂੰ, ਜੇ ਤੁਸੀਂ ਚਾਹੋ, ਤਾਂ ਸੰਕਲਪ-ਕਾਵਿ (Conceptual Poetry) ਵੀ ਆਖ ਸਕਦੇ ਹੋ। ਇਹ ਚਿੰਤਨ ਮੰਥਨ ਦੀ ਕਵਿਤਾ ਹੈ, ਜਿਸ ਦੀ ਪਰਵਾਜ਼ ਵਿੱਚੋਂ ਤੁਹਾਨੂੰ ਆਧੁਨਿਕ ਚੇਤਨਾ ਪਰਵਾਹ, ਫੈਂਟਸੀ, ਪਰ-ਯਥਾਰਥਵਾਦ ਤੇ ਕਾਵਿ-ਕਥਾ ਦੇ ਦਰਸ਼ਨ ਵੀ ਹੋ ਸਕਦੇ ਹਨ।

ਇਸ ਪੁਸਤਕ ਦੇ 'ਮਿੰਨੀ ਕਵਿਤਾਵਾਂ' ਭਾਗ ਵਿੱਚ ਦਿੱਤੀਆਂ 12 ਮਿੰਨੀਆਂ ਕਵਿਤਾਵਾਂ ਉਚੇਚੀ ਪੇਖਣੀ ਮੰਗਦੀਆਂ ਹਨ। ਇਨ੍ਹਾਂ ਵਿੱਚ ਮੈਂ ਸਮਕਾਲ ਦੇ ਤੱਤਕਾਲੀਨ ਵਰਤਾਰੇ ਦੀਆਂ 12 ਝਾਕੀਆਂ ਪ੍ਰਸਤੁਤ ਕੀਤੀਆਂ ਹਨ।

ਮੇਰਾ ਵਿਸ਼ਵਾਸ ਹੈ ਕਿ ਜੀਵਨ ਵਾਂਗ ਕਾਵਿ ਵੀ ਇਕ ਨਿਰੰਤਰ ਵਿਕਾਸਸ਼ੀਲ ਫ਼ਲਸਫ਼ਾ ਹੈ, ਜੁ ਪਾਠਕ ਅੱਗੇ ਕੁਝ ਗਹਿਰ ਗੰਭੀਰ ਪ੍ਰਸ਼ਨ ਖੜ੍ਹੇ ਕਰ ਕੇ, ਉਸ ਨੂੰ ਸੋਚਣ ਲਈ ਮਜਬੂਰ ਕਰਦਾ ਹੈ। ਸਮਕਾਲ ਦੀ ਗੱਲ ਕਰਦੀ ਹੋਈ ਵੀ ਇਹ ਕਵਿਤਾ, ਤ੍ਰੈ-ਕਾਲ-ਮੁਖੀ ਚਿੰਤਨ ਦੀ ਅਨੁਯਾਈ ਹੈ। ਇਹ ਕਵਿਤਾ ਪਾਠਕ ਨਾਲ ਗੰਭੀਰ ਸੰਵਾਦ ਰਚਾਉਣਾ ਚਾਹੁੰਦੀ ਹੈ :

ਕਾਗ਼ਜ਼ ਦੇ ਪੰਨੇ ’ਤੇ ਪਈ ਨਜ਼ਮ,
ਸੰਬਾਦ ਮੰਗਦੀ ਹੈ।
ਤੁਸੀਂ ਕੇਵਲ ‘ਹੁਣ’ ਹੋ,
ਇਹ ਆਦਿ ਜੁਗਾਦਿ ਮੰਗਦੀ ਹੈ।
... ...
ਸ਼ਬਦ-ਕਲਚਰ,
ਜ਼ੱਰੇ ਵਿੱਚ ਸਹਿਰਾ ਦਾ,
ਕਤਰੇ ਵਿੱਚ ਦਰਿਆ ਦਾ,
ਹਿਸਾਬ ਮੰਗਦੀ ਹੈ।
... ...
ਨਜ਼ਰ ਜੁ ਪਰਤੱਖ ਤੋਂ ਪਾਰ ਜਾ ਸਕੇ,
ਦੁਆਰ ਤੋਂ ਬਾਅਦ ਦੁਆਰ ਮੰਗਦੀ ਹੈ।
... ...
ਇਹ ਵਾਰਤਾ ਹੈ ਨਿਰੰਤਰ,
ਲੋਅ ’ਚੋਂ ਲੋਅ ਵਾਂਗ ਲੰਘਦੀ ਹੈ।

(ਕਵਿਤਾ : ‘ਲੋਅ ਦਾ ਸਫ਼ਰ’ ਵਿੱਚੋਂ)

ਆਸ ਕਰਦਾ ਹਾਂ ਕਿ ਪਾਠਕ ਇਸ ਕਵਿਤਾ ਨਾਲ ਸੰਵਾਦ ਦਾ ਆਨੰਦ ਮਾਨਣਗੇ।

**ਰਵਿੰਦਰ ਰਵੀ**

Website/Blog:www.ravinder-ravi.com

# ਕਵਿਤਾਵਾਂ



## ਲੋਅ ਦਾ ਸਫ਼ਰ

ਕਾਗ਼ਜ਼ ਦੇ ਪੰਨੇ 'ਤੇ ਪਈ ਨਜ਼ਮ,
ਸੰਬਾਦ ਮੰਗਦੀ ਹੈ।
ਤੁਸੀਂ ਕੇਵਲ 'ਹੁਣ' ਹੋ,
ਇਹ ਆਦਿ ਜੁਗਾਦਿ ਮੰਗਦੀ ਹੈ।

ਉੱਤਰ-ਆਧੁਨਿਕ ਯੁੱਗ ਵਿੱਚ,
ਕੇਵਲ 'ਹੁਣ' ਤੋਂ ਕੁਝ ਹੋਰ ਅੱਗੇ ਜਾਣਾ ਪਵੇਗਾ,
ਸ਼ਬਦ-ਕਲਚਰ,
ਜ਼ੱਰੇ ਵਿੱਚ ਸਹਿਰਾ ਦਾ,
ਕਤਰੇ ਵਿੱਚ ਦਰਿਆ ਦਾ,
ਹਿਸਾਬ ਮੰਗਦੀ ਹੈ।

ਜੇ ਤੁਹਾਨੂੰ ਸ਼ੀਸ਼ੇ ਵਿੱਚ,
ਕੇਵਲ 'ਆਪ' ਦਿਖਾਈ ਦਿੰਦਾ ਹੈ,
ਤਾਂ ਸ਼ੀਸ਼ਾ ਝੂਠ ਬੋਲਦਾ ਹੈ-
ਨਜ਼ਰ ਜੁ ਪਰਤੱਖ ਤੋਂ ਪਾਰ ਜਾ ਸਕੇ,
ਦੁਆਰ ਤੋਂ ਬਾਅਦ ਦੁਆਰਾ ਮੰਗਦੀ ਹੈ।

ਇਕ ਬੂਹਾ ਬੰਦ ਹੋ ਜਾਵੇ,
ਤਾਂ ਦੂਸਰਾ ਖੁੱਲ੍ਹ ਜਾਵੇ ...
ਸ਼ਬਦ, ਗਿਆਨ, ਦਰਵਾਜ਼ਿਆਂ ਦਾ ਸਿਲਸਿਲਾ ਹੈ...
ਪ੍ਰਿਜ਼ਮ ਵਿੱਚ ਟੁੱਟਕੇ ਕਿਰਨ,

ਰੰਗਾਂ ਦੇ ਅਨਿਕ ਦੁਆਰਾ ਲੰਘਦੀ ਹੈ।

ਆਦਿ, ਮੱਧ, ਅੰਤ, ਵਿਕਾਸ ਤੇ ਵਿਨਾਸ਼,
ਏਸ ਕਿਤਾਬ ਦੇ ਵਿਭਿੰਨ ਪੰਨੇ ਹਨ।
ਇਹ ਜ਼ਿੰਦਗੀ ਹੈ,
ਤੁਰਦੀ, ਧੜਕਦੀ, ਕੜਕਦੀ, ਫੜਕਦੀ,
ਦਰਸ਼ਨ ਤੇ ਸਵੈ ਦੇ,
ਆਰ ਪਾਰ ਲੰਘਦੀ ਹੈ।

ਜ਼ਿੰਦਗੀ, ਤੁਹਾਡੇ ਨਾਲ ਸ਼ੁਰੂ ਨਹੀਂ ਹੋਈ,
ਤੁਸੀਂ ਜ਼ਿੰਦਗੀ ਦੇ ਨਾਲ ਸ਼ੁਰੂ ਹੋਏ ਹੋ।

ਕਿੱਥੋਂ ਤੱਕ ਲਿਜਾ ਸਕੋਗੇ, ਇਸਨੂੰ ?
ਇਹ ਸਫ਼ਰ ਤੇ ਨਜ਼ਰ ਦੀ ਦਾਸਤਾਨ ਹੈ,
ਹਰ ਕਦਮ, ਹਿਸਾਬ ਮੰਗਦੀ ਹੈ।

ਮੈਥੋਂ ਬਾਅਦ,
ਇੱਛਾ ਹੈ ਕਿ,
ਮੇਰਾ ਸ਼ਬਦ ਰਹਿ ਜਾਵੇ।

ਸੂਰਜ, ਚੰਦ, ਸਿਤਾਰੇ, ਨਖਯਤਰਾਂ ਵਿਚਕਾਰ,
ਇਕ ਹੋਰ ਨਖਯਤਰ ਬਣ ਜਾਵੇ।

ਇਹ ਵਾਰਤਾ ਹੈ ਨਿਰੰਤਰ,
ਲੋਅ 'ਚੋਂ ਲੋਅ ਵਾਂਗ ਲੰਘਦੀ ਹੈ !!!

## ਕਵਿਤਾ 'ਲੋਅ ਦਾ ਸਫ਼ਰ' ਬਾਰੇ ਜਸਪਾਲ ਘਈ ਤੇ ਪ੍ਰੇਮ ਸਾਹਿਲ ਦੀਆਂ ਫੇਸਬੁੱਕ ਟਿੱਪਣੀਆਂ

ਸੱਚਮੁੱਚ ਨਵੇਂ ਅਯਾਮ ਸਿਰਜਦੀ ਕਵਿਤਾ, ਜਿਸ 'ਚ ਸੁਹਜ ਤੇ ਜੀਵਨ ਬਾਰੇ ਨਵੀਂ ਦਾਰਸ਼ਨਿਕ ਸੋਚ ਹੈ। ਇਹ 'ਹੁਣ' ਤੇ ਤ੍ਰੈਕਾਲ ਦੋਵਾਂ ਨੂੰ ਨਾਲ ਲੈ

ਕੇ ਤੁਰਦੀ ਹੈ ਤੇ ਮਨੁੱਖ, ਜ਼ਿੰਦਗੀ ਤੇ ਕਵਿਤਾ ਤਿੰਨਾਂ ਦੇ ਬਹੁਪਰਤੀ ਤੇ ਬਹੁਅਰਥੀ ਹੋਣ ਦੀ ਗੱਲ ਕਰਦੀ ਹੈ। ਇੰਝ ਇਹ ਕਵਿਤਾ ਮਾਈਕਰੋ ਤੇ ਮੈਕਰੋ ਦੋਵੇਂ ਪ੍ਰਕਾਰ ਦੀਆਂ ਪਹੁੰਚਾਂ ਅਪਣਾਉਂਦੀ ਹੈ। ਢੁੱਕਵਾਂ ਬਿੰਬ ਵਿਧਾਨ, ਰਿਦਮ ਤੇ ਖ਼ੂਬਸੂਰਤ ਕਾਫ਼ੀਆ ਮੇਲ ਕਵਿਤਾ ਦੇ ਥੀਮ ਨੂੰ ਵਧੀਆ ਸੁਹਜ-ਬਿੰਬ 'ਚ ਢਾਲ ਕੇ ਇਸ ਵਿਚਲੇ ਦਾਰਸ਼ਨਿਕ ਨੁਕਤੇ ਨੂੰ ਸੁਹਜਾਤਮਿਕ ਪਰਪੱਕਤਾ ਬਖ਼ਸ਼ਦੇ ਹਨ। ਵਧੀਆ ਕਵਿਤਾ ਦਾ ਸਵਾਗਤ ਹੈ।

**ਜਸਪਾਲ ਘਈ**

-14 ਜਨਵਰੀ, 2022 ਨੂੰ, ਫੇਸਬੁੱਕ ਉੱਤੇ ਪੋਸਟ ਕੀਤੀ ਟਿੱਪਣੀ-

ਪ੍ਰਤੱਖ ਤੋਂ ਪਾਰ, ਆਦਿ ਤੇ ਜੁਗਾਦਿ ਦੇ ਦੁਆਰ-ਦਰ-ਦੁਆਰ ਖੁੱਲ੍ਹਣ ਦੀ ਨਿਰੰਤਰ ਪ੍ਰਕਿਰਿਆ ਦੀ ਖ਼ੂਬਸੂਰਤ ਅੱਕਾਸੀ ਦੀ ਸ਼ਾਨਦਾਰ ਕੋਸ਼ਿਸ਼ ਹੈ ਇਹ ਕਵਿਤਾ।

**ਪ੍ਰੇਮ ਸਾਹਿਲ**

-14 ਜਨਵਰੀ, 2022 ਨੂੰ, ਫੇਸਬੁੱਕ ਉੱਤੇ ਪੋਸਟ ਕੀਤੀ ਟਿੱਪਣੀ-

## ਪੁਤਲੀ ਕਿ ਪੁਤਲੀਗਰ ? : ਲਘੂ ਕਾਵਿ-ਕਥਾ

ਤੇਰੇ ਨਾਲ ਵੀ ਜੁੜਨਾ ਸੀ !

ਆਪਣੇ ਵੱਲ ਵੀ ਮੁੜਨਾ ਸੀ !

ਤੇਰੇ ਤੇ ਮੇਰੇ ਵਿਚਕਾਰ :
ਦੁਬਿਧਾ ?

ਤੈਥੋਂ ਪਾਰ ਬਣਾਵਟ ਸੀ,
ਮਖੌਟੇ ਸਨ !

ਮੈਥੋਂ ਪਾਰ,
ਪੁਤਲੀ,
ਪੁਤਲੀ-ਨਾਟ !

ਮੈਂ,
ਪੁਤਲੀ ਹਾਂ ?
ਜਾਂ ਪੁਤਲੀਗਰ ?

ਪਾਟਦੀਆਂ ਸੜਕਾਂ ਵਿਚਕਾਰ,
ਡੁੱਬਦੀਆਂ ਦਿਸ਼ਾਵਾਂ ਵਿਚਾਲੇ,

ਇਹ ਦੋ ਸਵਾਲ ਸਦਾ ਹੀ,
ਮੇਰੇ ਸਨਮੁਖ ਰਹੇ !!!

ਪਿਆਰ ਜ਼ਿੰਦਗੀ ਲਈ,
ਏਨਾ ਜ਼ਰੂਰੀ ਨਹੀਂ,
ਜਿੰਨਾ ਆਪਣਾ ਆਪ !

ਮੇਰੀ ਜੰਗ ਤੇਰੇ ਨਾਲ ਨਹੀਂ,
ਕੇਵਲ ਆਪਣੇ ਆਪ ਨਾਲ ਸੀ !

ਤੂੰ ਤਾਂ ਇਕ ਦੁਬਿਧਾ ਸੈਂ,
ਆਈ, ਗੁਜ਼ਰ ਗਈ !!!

ਸ਼ਬਦ ਸੰਕੇਤ
ਪੁਤਲੀ : Puppet
ਪੁਤਲੀਗਰ : Puppeteer

## ਕਵਿਤਾ : 'ਪੁਤਲੀ ਕਿ ਪੁਤਲੀਗਰ ? : ਲਘੂ ਕਾਵਿ-ਕਥਾ' ਬਾਰੇ ਜਸਪਾਲ ਘਈ ਦੀ ਫੇਸਬੁੱਕ ਟਿੱਪਣੀ

ਵਧੀਆ ਲਘੂ ਕਾਵਿ-ਕਥਾ।
ਅਸਲ 'ਚ ਇਸ ਕਾਵਿ-ਕਥਾ ਦਾ ਇਕ ਹੀ ਪਾਤਰ ਹੈ, ਦੂਜਾ ਪਾਤਰ ਉਸ ਦਾ ਹੀ ਅਕਸ ਹੈ। ਲਘੂ ਕਥਾ ਦਾ ਇਹ ਪਾਤਰ ਸਮਕਾਲੀ ਮਾਨਵ ਦੀ ਲਘੂ ਮਾਨਸਿਕਤਾ ਦਾ ਪ੍ਰਤੀਕ ਹੈ ਜਿਸ ਦੇ ਚੁਫ਼ੇਰੇ ਦੁਬਿਧਾ, ਮੁਖੌਟੇ ਤੇ ਪੁਤਲੀਆਂ ਹਨ। ਸੜਕਾਂ ਪਾਟਦੀਆਂ ਹਨ, ਦਿਸ਼ਾਵਾਂ ਡੁੱਬਦੀਆਂ ਹਨ। ਬਾਹਰ ਦੁਬਿਧਾ ਤੇ ਬਨਾਵਟ ਹੈ ਤੇ ਅੰਦਰ ਆਪਣੇ ਆਪ ਨਾਲ ਜੰਗ ਹੈ। ਕਾਵਿ ਪਾਤਰ ਆਪਣੇ ਅੰਤਰ ਵਿਰੋਧਾਂ ਸਮੇਤ ਵਧੀਆ ਸਿਰਜਿਆ ਗਿਆ ਹੈ।

**ਜਸਪਾਲ ਘਈ**

-18 ਮਈ, 2022 ਨੂੰ ਫੇਸਬੁੱਕ ਉੱਤੇ ਪੋਸਟ ਕੀਤੀ ਟਿੱਪਣੀ-

## ਦੁਫਾੜ ਨਜ਼ਰ : Double Vision

*(ਅੱਖਾਂ ਦਾ ਇਕ ਰੋਗ, ਜਿਸ ਨਾਲ, ਇਕ ਦੀ ਥਾਂ, ਦੋ ਬਿੰਬ, ਦੋ ਚਿਹਰੇ ਦਿਸਦੇ ਹਨ। ਸੜਕ ਵਿਚਕਾਰ ਬਣੀ ਪੀਲੀ ਵੰਡ-ਰੇਖਾ ਵੀ, ਪਾਟਕੇ ਦੋ ਹੋ ਜਾਂਦੀ ਹੈ। ਹਾਦਸੇ ਦਾ ਖ਼ਤਰਾ ਪੈਦਾ ਹੋ ਜਾਂਦਾ ਹੈ। ਅੱਖਾਂ ਦੇ ਮਾਹਰ ਡਾਕਟਰ, ਇਸ ਰੋਗ ਦਾ ਇਲਾਜ, ਐਨਕਾਂ ਦੇ ਸ਼ੀਸ਼ਿਆਂ ਵਿੱਚ ਪ੍ਰਿਜ਼ਮ/Prism ਪਾ ਕੇ ਕਰਦੇ ਹਨ। ਇਹ ਕਵਿਤਾ, ਮੇ ਰੇ ਲਈ ਅਨੁਭਵ ਦੀ ਉਪਜ ਹੈ)*

ਮੈਨੂੰ ਜ਼ਿੰਦਗੀ ਵੀ ਚੰਗੀ ਲੱਗਦੀ ਹੈ
ਤੇ ਮੌਤ ਵੀ !

ਮੇਰੀਆਂ ਦੋ ਅੱਖਾਂ ਵਿੱਚ ਸਦਾ ਹੀ,
ਦੋ ਦ੍ਰਿਸ਼ਟੀਕੋਣ ਰਹਿੰਦੇ ਹਨ ...
ਨਿਰੰਤਰ ਸਮਾਨੰਤਰ ਚੱਲਦੇ,
ਦਰਿਆ ਦੇ ਦੋ ਕੰਢਿਆਂ ਵਾਂਗ !

ਦਰਿਆ ਵੀ ਇਕ ਪਾਸੇ, ਸੋਮੇਂ,
ਪਰਬਤ ਨਾਲ ਜੁੜਿਆ ਹੈ ...
ਤੇ ਦੂਜੇ ਪਾਸੇ ਸਮੁੰਦਰ ਨਾਲ !

ਪਾਣੀ ਦੇ ਬਹਾ ਵਿੱਚ ਤੁਰਦੇ,
ਇਕ ਹੀ ਦਰਿਆ ਵਿੱਚ,
ਨਿੱਕੇ ਨਿੱਕੇ ਕਈ ਦਰਿਆ,
ਸਮੁੰਦਰ ਵਿੱਚ ਡੁੱਬਕੇ,
ਆਪਣਾ ਵਜੂਦ ਗਵਾ ਬਹਿੰਦੇ ਹਨ !!!

ਕੰਢੇ ਟੁੱਟ ਜਾਣ, ਤਾਂ ਪਾਣੀ,
ਅਸੇ ਪਾਸੇ ਬਿਖਰ ਜਾਂਦਾ ਹੈ ...
ਦਰਿਆ, ਦਰਿਆ ਨਹੀਂ ਰਹਿੰਦਾ !

ਇਕ ਪਾਣੀ, ਦੋ ਅਰਥ !

ਦੋ ਅੱਖਾਂ ਵਿਚਕਾਰ,
ਇਕ ਅੱਖ, ਜੇ
ਦਰਵਾਜ਼ਾ ਭੇੜਦੀ ਹੈ,
ਤਾਂ ਦੂਜੀ ਖਿੜਕੀ ਖੋਲ੍ਹ ਦਿੰਦੀ ਹੈ !

'ਨ੍ਹੇਰ ਤੇ ਨੂਰ ਸਦਾ ਹੀ ਮੇਰੇ ਅੰਗ ਸੰਗ ਰਹੇ ਹਨ !

ਮੇਰੀਆਂ ਦੋ ਅੱਖਾਂ ਵਿੱਚ, ਇਨ੍ਹਾਂ ਦੇ
ਦੋ ਵੱਖਰੇ ਵੱਖਰੇ ਬਿੰਦ ਹਨ !

ਮੇਰੀ ਨਜ਼ਰ ਦੇ ਨਾਲ,
ਮੇਰੀ ਸੋਚ ਵੀ,
ਦੁਫਾੜ ਹੋ ਗਈ ਜਾਪਦੀ ਹੈ !

ਮੇਰੀ ਇੱਕ ਅੱਖ ਵਿੱਚ ਸਹਿਰਾ ਹੈ,
ਤਾਂ ਦੂਜੀ ਵਿੱਚ ਘਟਾ ਹੈ !

ਸੂਰਜ ਨੂੰ ਵੀ ਆਪਣੇ ਪੂਰੇ ਅਰਥ,
ਘੁੱਪ ਅਨ੍ਹੇਰੇ 'ਚੋਂ ਹੀ,
ਸਮਝ ਪੈਂਦੇ ਹਨ !

ਟੁੱਟਣ ਦੇ ਅਮਲ 'ਚੋਂ ਹੀ,
ਜੁੜਨ ਦੀ ਚੇਤਨਾ,
ਜਨਮ ਲੈਂਦੀ ਹੈ !!!

ਮੇਰੀ ਇਕ ਅੱਖ ਦੀ ਨਜ਼ਰ,
ਟੁੱਟਦੀ ...
ਤੇ ਦੂਜੀ ਦੀ ਜੁੜਦੀ ਹੈ !

ਮੇਰੀ ਸੋਚ ਸਦਾ ਹੀ,
ਇਕ ਕਦਮ ਜ਼ਿੰਦਗੀ, ਤੇ
ਦੂਜਾ ਕਦਮ, ਮੌਤ ਤੁਰਦੀ ਹੈ !!!

ਮੈਨੂੰ ਜ਼ਿੰਦਗੀ ਵੀ ਚੰਗੀ ਲੱਗਦੀ ਹੈ
ਤੇ ਮੌਤ ਵੀ !!!

## 'ਦੁਫਾੜ ਨਜ਼ਰ' ਕਵਿਤਾ ਬਾਰੇ ਹਰਵਿੰਦਰ ਸਿੰਘ ਦੀ ਫੇਸਬੁੱਕ ਟਿੱਪਣੀ

This piece of poetry is the remarkable achievement of Punjabi poetry. It presents the wholistic and complete view of Life.
Its opening and concluding lines present reality of life. I, first time, have observed celebration of even death in punjabi poetry. You have really enriched our mother tongue by writing such a wonderful piece of poetry ... I will write a note in details on it after a few days.

**Harvinder Singh**
–ਇਹ ਟਿੱਪਣੀ 'ਫੇਸਬੁੱਕ' ਉੱਤੇ
28 ਅਪ੍ਰੈਲ 2022 ਨੂੰ ਪੋਸਟ ਕੀਤੀ ਗਈ–

# ਆਦਿ ਮਾਨਵ, ਜੁਗਾਦਿ ਮਾਨਵ

***(ਉੱਤਰ ਈਸ਼ਵਰ-ਕਾਲ ਦੀ ਇਕ ਕਵਿਤਾ /***
***A Poem of the Post-God Era)***

ਰੱਬ ਹੋ ਕੇ ਵੀ ਬੋਲ ਨਾ ਸਕਿਆ,
ਰਚ ਨਾ ਸਕਿਆ ਸ਼ਬਦ, ਨਾ ਬਾਣੀ।
ਸ਼ਬਦ ਸਿਰਜਕੇ ਇਸ ਮਾਨਵ ਨੇ,
ਕੀਤੀ ਸ਼ੁਰੂ ਇਹ ਆਦਿ-ਕਹਾਣੀ।

ਈਸ਼ਵਰ, ਅੱਲਾ, ਗੌਡ, ਬ੍ਰਹਮਾ,
ਰਹਿਣੇ ਸਨ ਬੇ-ਨਾਮ ਹੀ ਸਾਰੇ।
ਸੋਚ, ਕਲਪਨਾ 'ਚੋਂ ਇਹ ਮਾਨਵ,
ਖੋਲ੍ਹਦਾ ਨਾ ਜੇ *ਮਿੱਥ-ਦਵਾਰੇ।

ਚਿੰਤਨ, ਕਰਤਾ-ਸ਼ਬਦ, ਮਾਧਿਅਮ,
ਗਿਆਨ, ਵਿਗਿਆਨ ਹੈ ਨੂਰ।
ਰੱਬ ਤਾਂ ਚੁੱਪ ਗੜੁੱਪ ਖ਼ਲਾਅ ਹੈ,
ਮਾਨਵ-ਭਾਸ਼ਾ ਹੈ ਭਰਪੂਰ।

ਮਾਨਵ-ਦੇਹ ਵਿੱਚ ਇਸ਼ਕ ਜਾਗਿਆ,
ਪ੍ਰੇਮ-ਮਥਾ ਨੇ ਪੰਖ ਲਗਾਏ।
ਅੱਖਾਂ ਹੀ ਅੱਖਾਂ ਦੇ ਵਿੱਚੋਂ,
ਆਪਣੇ ਆਦਿ, ਅੰਤ ਦਿਖਲਾਏ।

ਰੱਬ ਕੀ ਜਾਣੇ ਇਸ ਮਾਨਵ ਦੀ,
ਇਸ਼ਕ 'ਚ ਵੱਸਦੀ ਹੈ ਖੁਦਾਈ।
ਪ੍ਰੇਮ-ਕਥਾਵਾਂ ਗੁਲਸ਼ਨ ਇਸਦਾ,
ਮਹਿਕਾਂ ਵਿੱਚ ਇਸਦੀ ਰੁਸ਼ਨਾਈ !!!

**ਸ਼ਬਦ ਸੰਕੇਤ :**

* ਮਿੱਥ-ਦਵਾਰੇ : ਮਿਥਿਹਾਸ ਦੇ ਦਰਵਾਜ਼ੇ

## ਸੋਚ ਦੀ ਇਮਾਰਤ

ਨਿਰੰਤਰ ਜ਼ਿੰਦਗੀ,
ਆਪਣੇ ਆਪ ਦੀ ਉਲੰਘਣਾ,
ਵਿਸਥਾਰ ਵੀ ਹੈ।

ਇਹ ਆਪਣੇ ਆਪ ਨੂੰ,
ਅਸਮਾਨ ਚੜ੍ਹਾਉਂਦੀ,
ਨਿਕਾਰਦੀ ਵੀ ਹੈ।

ਆਪਣੇ ਆਪ ਵਿੱਚ ਢਹਿੰਦੀ,
ਆਪਣੇ ਆਪ ਨੂੰ,
ਉਸਾਰਦੀ ਵੀ ਹੈ।

ਨਜ਼ਰ ਇਸਨੂੰ,
ਬਿੰਦੂ ਦਾ ਦਾਇਰਿਆਂ ਵਿੱਚ,
ਵਿਕਾਸ ਆਖਦੀ ਹੈ।

ਇਹ ਮਾਨਵ,
ਇਮਾਰਤ-ਕਲਾ ਦਾ,
ਕਲਾਕਾਰ ਵੀ ਹੈ ਤੇ ਐਂਜਨੀਅਰ ਵੀ ...

... ਬੁੱਤਘਾੜਾ ਵੀ ਹੈ ਤੇ ਬੁਲਡੋਜ਼ਰ ਵੀ !!!

ਉਸਦੇ ਜ਼ਿਹਨ ਵਿੱਚ,
ਢਹਿ ਢੇਰੀ ਹੋ,
ਗ਼ਾਇਬ ਹੋ ਚੁੱਕੀਆਂ, ਅਨੇਕਾਂ
ਸੱਭਿਅਤਾਵਾਂ ਦੇ ਥੇਹ ਵੀ ਹਨ, ਤੇ
ਕਲਪਨਾਵਾਂ ਦੇ ਨਵੇਂ ਗਗਨ ਵੀ !!!

ਸੋਚ ਦੇ ਕੋਲ ਹੀ ਅਸੋਚ, ਤੇ
ਪੁਨਰ-ਸੋਚ ਬਹਿੰਦੀ ਹੈ।

ਇਹ ਸੋਚ ਦੀ ਇਮਾਰਤ ਹੈ,
ਰੋਜ਼ ਬਣਦੀ,
ਰੋਜ਼ ਢਹਿੰਦੀ ਹੈ !!!

# ਇਸ਼ਕ ਦੀ ਸੁੱਚੀ ਬਾਣੀ

ਖ਼ਾਮੋਸ਼ੀ ਨੂੰ ਸਮਝ ਨਾ ਪਾਈ,
ਗੂੰਗੀ ਹੋ ਗਈ ਬੋਲੀ।
ਦਿਲ ਦੇ ਬੋਲ ਸ਼ਬਦ ਨਾ ਬਣਦੇ,
ਪਰਤ ਪਰਤ ਅਸੀਂ ਫੋਲੀ।

ਪੱਤੀ ਪੱਤੀ ਫੁੱਲ ਬਿਖਰ ਗਏ,
ਮਹਿਕ ਨਾ ਪਕੜੀ ਜਾਏ।
ਅੱਖਰ, ਅੱਖਰ ਸ਼ਬਦ ਕਿਰ ਗਏ,
ਭਾਵ ਪਕੜ ਨਾ ਪਾਏ।

ਤਿੱਖੀ ਸੋਚ ਤੇ ਰੌਸ਼ਨ ਦ੍ਰਿਸ਼ਟੀ,
ਕਿਸ ਦਰ ਅਲਖ ਜਗਾਏ ?
ਤੰਗ ਦਰਵਾਜ਼ੇ ਇਸ ਭਾਸ਼ਾ ਦੇ,
ਸ਼ਬਦ ਮੇਚ ਨਾ ਆਏ।

ਆਪਣੇ ਜੇਡੇ ਆਪ ਹੀ ਆਪਾਂ,
ਆਪਣੇ ਸ਼ਬਦ ਬਣਾਈਏ।
ਆਪ ਸਿਰਜੀਏ ਭਾਸ਼ਾ ਆਪਣੀ,
ਚਿੰਤਨ ਨੂੰ ਰੁਸ਼ਨਾਈਏ।

ਪੰਖ ਅਤੇ ਪਰਵਾਜ਼ ਦਾ ਰਿਸ਼ਤਾ,
ਪੌਣਾਂ ਸੰਗ ਅਸ਼ਨਾਈ।

ਅੰਬਰ ਵੀ ਹੁਣ ਸੌੜਾ ਜਾਪੇ,
ਆਪਣੀ ਜੋਤ ਜਗਾਈ।

ਆਪਣੇ ਵਾਂਗ ਖ਼ਾਮੋਸ਼ੀ ਬੋਲੇ,
ਇਸ਼ਕ ਦੀ ਸੁੱਚੀ ਬਾਣੀ।
ਦੋ ਖ਼ਾਮੋਸ਼ੀਆਂ ਇਕ ਹੋਵਣ, ਤਾਂ
ਪੂਰਨ ਆਦਿ-ਕਹਾਣੀ।

# ਬੇ-ਰੁੱਤ ਜ਼ਿੰਦਗੀ

ਬਹਾਰਾਂ ਨਾਲ ਵੀ ਰੁੱਸ ਗਏ ਅਤੇ
ਪੱਤਝੜ ਤੋਂ ਵੀ ਉੱਕ ਗਏ।
ਅਸੀਂ ਧਰਤੀ 'ਚ ਉਹ ਬੀ ਆਂ,
ਉੱਗਣ ਤੋਂ ਪਹਿਲਾਂ ਜੁ ਸੁੱਕ ਗਏ।

ਬਾਕੀ ਦੀਆਂ ਰੁੱਤਾਂ ਵੀ
ਲੈ ਗਈਆਂ ਖਲਾਵਾਂ ਵਿੱਚ।
ਅਸੀਂ ਬੇ-ਰੁੱਤ ਹੋ ਗਏ ਹਾਂ,
ਧਰਾ ਅੰਦਰ, ਹਵਾਵਾਂ ਵਿੱਚ।

ਅੱਖਾਂ ਖੋਲ੍ਹਿਆਂ ਵੀ ਜਦ
ਨਜ਼ਰ ਨੂੰ ਨਜ਼ਰ ਨਾ ਆਵੇ
ਅਤੇ ਅੰਦਰ ਦਾ ਸੂਰਜ ਵੀ,
ਸੋਚਾਂ ਵਿੱਚ ਡੁੱਬ ਜਾਵੇ-

ਇਹ ਸੁਫ਼ਨੇ ਰੁੱਸ ਜਾਂਦੇ ਨੇ,
ਕਲਪਨਾ ਸੁੱਕ ਜਾਂਦੀ ਹੈ।
ਸਦੀਵੀ ਖੜੋਤ ਬਣ ਨਿਹੋਂਦ,
ਸਮੇਂ ਵਿੱਚ ਰੁੱਕ ਜਾਂਦੀ ਹੈ।

ਬੇ-ਰੁੱਤ ਜ਼ਿੰਦਗੀ ਅੰਦਰ,
ਮੁਹੱਬਤ ਆ ਨਹੀਂ ਸਕਦੀ।

ਥਲਾਂ ਵਿੱਚ ਕੁਝ ਨਹੀਂ ਉੱਗਦਾ,
ਵੀਰਾਨੀ ਜਾ ਨਹੀਂ ਸਕਦੀ !!!

**ਸ਼ਬਦ ਸੰਕੇਤ :**
ਧਰਾ : ਧਰਤੀ
ਨਿਹੋਂਦ : Nothingness, ਬੇ-ਵਜੂਦ

## ਕਵਿਤਾ : 'ਬੇ-ਰੁੱਤ ਜ਼ਿੰਦਗੀ' ਬਾਰੇ ਜਸਪਾਲ ਘਈ ਦੀ ਫੇਸਬੁੱਕ ਟਿੱਪਣੀ

ਨਜ਼ਮ ਦੇ ਆਰੰਭ ਤੋਂ ਅੰਤ ਤੱਕ ਉਦਾਸੀ ਦਾ ਮਾਹੌਲ ਤਾਰੀ ਰਹਿੰਦਾ ਹੈ, ਜਿਸ ਦੀ ਖ਼ੂਬਸੂਰਤ ਕਾਵਿ ਬਿੰਬ ਸੁਹਜਮਈ ਢੰਗ ਨਾਲ ਤਸਵੀਰਕਸ਼ੀ ਕਰਦੇ ਹਨ, ਹਰ ਬੰਦ 'ਚ ਇਹ ਉਦਾਸ ਮਾਹੌਲ ਹੋਰ ਸੰਘਣਾ ਹੁੰਦਾ ਜਾਂਦਾ ਹੈ। ਪ੍ਰਤੀਕ ਵੀ ਉਦਾਸੀ, ਨਿਰਾਸ਼ਾ ਤੇ ਦੁੱਖ ਦੇ ਖੇਤਰ 'ਚੋਂ ਚੁਣੇ ਹੋਣ ਕਾਰਨ ਅਰੰਭ 'ਚ ਬਣੇ ਮਾਹੌਲ ਨੂੰ ਅੰਤ ਤਕ ਮੁਸਲਸਲ ਤੋਰੀ ਰੱਖਦੇ ਹਨ। ਪ੍ਰਗੀਤਕ ਹੋਣ ਕਾਰਨ ਇਸ ਵਿਚਲਾ ਦੁੱਖ ਵੀ ਇਕ ਵਿਸ਼ੇਸ਼ ਪ੍ਰਕਾਰ ਦਾ ਆਨੰਦ ਦਿੰਦਾ ਹੈ।

**ਜਸਪਾਲ ਘਈ**
-31 ਮਈ, 2022 ਨੂੰ ਫੇਸਬੁੱਕ ਉੱਤੇ ਪੋਸਟ ਕੀਤੀ ਟਿੱਪਣੀ-

# ਮਾਨਵੀ ਰੋਬੋਟ ਦੀ ਅਗਲੀ ਨਸਲ

ਮਾਨਵ ਦਾ ਮਨ,
ਮਖੌਟੇ ਨੂੰ ਲੱਗ ਗਿਆ ਹੈ !

ਆਚਾਰ, ਵਿਹਾਰ,
ਸੋਚ ਤੇ ਅਹਿਸਾਸ ਵਿੱਚ,
ਮਾਨਵ,
ਸ੍ਵੈਕਾਰ ਮਖੌਟਾ ਬਣ ਗਿਆ ਹੈ !

ਇਹ ਮਾਨਵੀ ਰੋਬੋਟ ਦੀ,
ਅਗਲੀ ਨਸਲ ਹੈ !

ਇਸਨੂੰ,
ਰੀਮੋਟ ਕੰਟਰੋਲ ਦੀ,
ਲੋੜ ਨਹੀਂ ਪੈਂਦੀ !

ਇਹ ਇਕ ਜ਼ਿੰਦਾ ਮਸ਼ੀਨ ਹੈ !!!

ਇਸਦਾ ਕਾਇਆ ਕਲਪ ਹੋ ਗਿਆ ਹੈ !!!

**ਸ਼ਬਦ ਸੰਕੇਤ :**
ਸ੍ਵੈਕਾਰ : Automatic
ਰੋਬੋਟ : Robot
ਕਾਇਆ ਕਲਪ : Transformation, metamophosis

# ਸ਼ਬਦ-ਉਡਾਰੀ

ਅਸੀਂ ਤਾਂ ਹੈ ਹੁਣ,
ਸਮਿਓਂ ਪਾਰ ਤੁਰ ਜਾਣਾ !
ਪਿਛਲੀਆਂ ਪੈੜਾਂ ਪਿੱਛੇ ਰਹੀਆਂ,
ਰਸਤਾ ਨਵਾਂ ਬਨਾਣਾ !

ਸਮੇਂ ਦੇ ਨਾਲ ਹੀ ਜਨਮ ਹੋਂਵਦਾ,
ਸਮੇਂ ਦੇ ਨਾਲ ਹੀ ਬਚਪਨ ਬੀਤੇ,
ਸਮੇਂ ਦੇ ਨਾਲ ਹੀ ਚੜ੍ਹੇ ਜਵਾਨੀ-
ਅੱਧਖੜ ਉਮਰ ਤੋਂ ਬਾਅਦ ਬੁਢੇਪਾ-
ਸਮੇਂ 'ਚ ਮਾਨਵ-ਹੋਂਦ-ਕਹਾਣੀ।
ਸ਼ਬਦ ਪਕੜਦੇ ਰੰਗ ਸਮੇਂ ਦੇ,
ਸ਼ਬਦ ਅਸਾਡਾ ਠਉਰ ਟਿਕਾਣਾ।

ਸ਼ਬਦਾਂ ਦੇ ਰੰਗੀਂ ਅਸੀਂ ਰੰਗੇ,
ਅਰਥਾਂ, ਚਿੰਤਨ ਨਾਲ ਯਰਾਨਾ।
ਸਿਰਜਕ ਹਾਂ ਅਸੀਂ ਰਚੀਏ ਕਵਿਤਾ-
ਬਣੀਏ ਕਵਿਤਾ, ਜਣੀਏਂ ਕਵਿਤਾ !
ਸ਼ਬਦਾਂ ਨੂੰ ਕਦੇ ਮੌਤ ਨਾ ਆਵੇ,
ਸਮੇਂ ਤੋਂ ਪਾਰ ਹੈ ਅਮਰ ਟਿਕਾਣਾ !
ਆਪਣਾ ਅੰਬਰ ਤਾਣ ਅਸਾਂ ਨੇ,
ਸਮਿਓਂ ਪਾਰ ਉੜ ਜਾਣਾ !

ਸ਼ਬਦ ਜਵਾਨ ਹੋਣ ਨਾ ਬੁੱਢੇ,
ਸ਼ਬਦ ਵਸੇਂਦੇ ਉਮਰੋਂ ਪਾਰ !
ਸ਼ਬਦਾਂ ਵਿੱਚ ਵਿਗਿਆਨ, ਫ਼ਲਸਫ਼ਾ,
ਸ਼ਬਦ ਸ੍ਰਿਸ਼ਟੀ ਦਾ ਤੱਤ ਸਾਰ !
ਆਪਣੀ ਗੱਲ ਨੂੰ ਕਹਿਣ ਲਈ ਵੀ,
ਸਮਾਂ ਆਂਵਦਾ ਸ਼ਬਦ-ਦੁਆਰ !
ਉਮਰ-ਮੁਕਤ ਹੋ ਏਸ ਹੋਂਦ ਨੇ,
ਸ਼ਬਦਾਂ ਵਿੱਚ ਜੁੜ ਜਾਣਾ !

ਸੱਚ ਬਣੇ ਜਦ ਸ਼ਬਦ ਤਾਂ ਉਹ ਫਿਰ,
ਸਮਿਓਂ ਪਾਰ ਤੁਰ ਜਾਵੇ।
ਸ਼ਬਦ ਦੇ ਸ਼ੀਸ਼ੇ ਵਿੱਚ ਕੁਲ ਸ੍ਰਿਸ਼ਟੀ,
ਮੌਤ ਨਾ ਉਸ ਨੂੰ ਆਵੇ !
ਉਹ ਤਾਂ ਸਦਾ ਹੀ ਪਾਰ ਵਸੇਂਦਾ,
ਕੀ ਤਰਨਾ ? ਤੇ ਕੀ ਰੁੜ੍ਹ ਜਾਣਾ ?

ਸ਼ਬਦਾਂ ਨਾਲ਼ੋਂ ਅਰਥ ਨਾ ਟੁੱਟਦੇ,
ਤਨ ਦੇ ਨਾਲ਼ੋਂ ਰੂਹ !
ਖੂਹ ਦੇ ਵਿੱਚ ਵਸੇਂਦਾ ਪਾਣੀ,
ਪਾਣੀ ਦੇ ਵਿੱਚ ਖੂਹ !
ਸ਼ਬਦ ਮੁਕੰਮਲ ਹੋਂਦ, ਇਕਾਈ-
ਆਸ਼ਕ, ਇਸ਼ਕ ਦੀ ਜੂਹ !
ਸ਼ਬਦ ਆਦਿ, ਜੁਗਾਦਿ ਸ਼ਬਦ ਹੈ,
ਸ਼ਬਦ-ਤੋਰ, ਅਸੀਂ ਤੁਰ ਤੁਰ ਜਾਣਾ !

ਬੁੱਲ੍ਹਾ, ਵਾਰਸ, ਹਾਸ਼ਮ, ਨਾਨਕ,
ਸ਼ਬਦਾਂ ਦਾ ਅਦਭੁਤ ਸੰਸਾਰ !
ਸਮਾਂ ਇਨ੍ਹਾਂ ਦੀ ਕਲਮ ਦਵਾਤ,
ਪਿੰਡ ਤੇ ਬ੍ਰਹਮੰਡ ਹਨ ਪਾਸਾਰ !
ਸ਼ਬਦ ਹੀ ਵੱਸਦਾ ਸ਼ਬਦ ਦੇ ਅੰਦਰ,
ਸ਼ਬਦ ਵਸੇਂਦਾ ਸ਼ਬਦੋਂ ਪਾਰ !
ਪੰਛੀ ਤੇ ਆਕਾਸ਼ ਸ਼ਬਦ ਹਨ,
ਸ਼ਬਦ-ਉਡਾਰੀ, ਉੜ ਉੜ ਜਾਣਾ !!!

## ਬੁਢਾਪਾ : ਖੜੋਤ ਹੋਇਆ ਸਮਾਂ

ਬੁਢਾਪੇ ਵਿੱਚ,
ਹੁਸਨ ਦਾ ਗਲੈਮਰ ਵੇਖਕੇ,
ਸਭ ਦਾ,
ਮੁੜ ਜੰਮਣ ਨੂੰ ਜੀ ਕਰਦਾ ਹੈ !

ਬੁਢਾਪੇ ਵਿੱਚ,
ਇਸ਼ਕ ਮੁਹੱਬਤ ਦੀ ਆਸ ਵੀ,
ਕਿੱਕਰਾਂ ਤੋਂ ਖਜੂਰਾਂ
ਭਾਲਣ ਵਾਲੀ ਗੱਲ ਹੈ !

ਮੰਨੋਂ ਭਾਵੇਂ ਨਾ ਮੰਨੋਂ,
ਬੁਢਾਪੇ ਵਿੱਚ, ਮੁਰਮੁਰੇ
ਚੱਬ ਨਹੀਂ ਹੁੰਦੇ

ਤੇ ਖਿੱਲਾਂ,

ਮੂੰਹ ਵਿੱਚੋਂ ਕਿਰਦੀਆਂ ਹਨ !

ਬੁਢਾਪਾ ਸਦਾ ਹੀ,
ਕੰਡਿਆਲਾ ਹੁੰਦਾ ਹੈ !
ਇਸ ਸਮੇਂ, ਸਭ ਰੰਗ,
ਸਫ਼ੈਦ ਹੋ ਜਾਂਦੇ ਹਨ !

ਸੱਤ-ਰੰਗੀਆਂ ਪੀਂਘਾਂ,
ਨਹੀਂ ਚੜ੍ਹਦੀਆਂ !

ਬੁਢਾਪਾ,
ਮੱਧਮ ਤੋਰੇ ਰੀਂਗ ਰਹੇ,
ਸੰਘਣੇ ਅਨ੍ਹੇਰੇ ਵਿੱਚ,
ਡੁੱਬ ਰਿਹਾ ਉਜਾਲਾ ਹੈ !

ਬੁਢਾਪਾ,
ਮੌਤ ਦੀ ਉਡੀਕ ਵਿੱਚ,
'ਇਕ ਸੂਰਜ' ਦੇ,
ਅੰਤਿਮ ਪੜਾਅ 'ਤੇ,

ਹੌਲੀ ਹੌਲੀ ...

ਸਦਾ ਲਈ ...

ਅਸਤ ਹੋ ਜਾਣ ਦੀ ਕਹਾਣੀ ਹੈ !

ਬੁਢਾਪੇ ਵਿੱਚ ਸਮਾਂ,
ਤੁਰਦਾ ਨਹੀਂ,
ਆਪਣੇ ਆਪ ਵਿੱਚ,

ਖੜੋ

ਜਾਂਦਾ

ਹੈ !!!

**ਸ਼ਬਦ ਸੰਕੇਤ**
ਗਲੈਮਰ : Glamour

# ਪਹਾੜ ਤੇ ਸਮੁੰਦਰ ਨਾਲ ਜੁੜਿਆ ਦਰਿਆ

ਮੇਰੀ ਨਜ਼ਰ ਸਦਾ ਹੀ,
ਆਕਾਸ਼ 'ਤੇ ਰਹੀ,
ਪਰ ਉਡਾਣ ਮੈਂ ਸਦਾ ਹੀ,
ਆਪਣੇ
ਅੰਦਰ ਵੱਲ ਭਰਦਾ ਰਿਹਾ ਹਾਂ !

ਆਪਣੇ ਆਪ ਨੂੰ ਸਮਝਣ ਲਈ,
ਆਪਣੇ ਆਪ ਦੇ ਨਾਲ,
ਲੜਦਾ ਰਿਹਾ ਹਾਂ !

ਮੀਂਹ ਸਦਾ ਬਾਹਰ ਵੱਲ ਹੀ ਨਹੀਂ,
ਅੰਦਰ ਵੱਲ ਵੀ ਪੈਂਦਾ ਹੈ !
ਹਰ ਆਉਣ ਵਾਲਾ ਪਲ,
ਬੀਤ ਰਹੇ ਪਲ ਨਾਲ ਖਹਿੰਦਾ ਹੈ !

ਜਦੋਂ ਪੱਥਰ ਟੁੱਟਦੇ ਹਨ,
ਮੈਂ ਵੀ ਟੁੱਟਦਾ ਹਾਂ !

ਦੁਫਾੜ ਨਜ਼ਰ,
ਦਿਸ਼ਾਵਾਂ ਦਾ ਕਲੇਸ਼–
ਜੁ ਪੈਰ ਪੁੱਟਦਾ ਹਾਂ,
ਅੰਦਰ ਵੱਲ ਹੀ ਢੁੱਕਦਾ ਹੈ !

ਗੁਰੂ ਨਾਨਕ, ਬੁੱਧ, ਈਸਾ, ਸਦਾ
ਬਾਹਰ ਵੱਲ ਭਟਕਦੇ ਹੋਏ ਵੀ,
ਅੰਦਰ ਵੱਲ ਮੁੜਦੇ ਰਹੇ !

ਮਨ ਬੜਾ ਮੌਜੀ ਹੈ,
ਸੋਚ ਤੇ ਦਰਸ਼ਨ ਦੇ ਮੇਲੇ,
ਏਸ ਥਾਂ ਜੁੜਦੇ ਰਹੇ।

ਮਨੁੱਖ ਦੀ ਭਟਕਣ ਤਾਂ
ਖਿਆਲ ਦੀ ਭਟਕਣ ਹੈ।

ਸਮਾਧੀ ਤੇ ਇਕਾਗਰਤਾ 'ਚੋਂ ਹੀ,
ਦਿਸ਼ਾ ਤੇ ਦਸ਼ਾ ਬਦਲਦੀ ਹੈ।

ਕਲਪਨਾ ਤੇ ਤਰਕ 'ਚੋਂ ਹੀ,
ਨਵੇਂ ਢੰਗ,
ਨਵੇਂ ਰੰਗ,
ਨਵੇਂ ਸਵੇਰੇ ਚੜ੍ਹਦੇ ਰਹੇ।

ਕੁਝ ਨਾ ਫੜ ਕੇ ਵੀ, ਅਸੀਂ
ਸਭ ਕੁਝ ਫੜਦੇ ਰਹੇ !
ਆਪੇ ਦੀ ਢਲਵਾਨ 'ਤੇ ਢਲਦੇ,
ਆਪੇ ਦੀ ਉਚਾਣ 'ਤੇ ਚੜ੍ਹਦੇ ਰਹੇ !

ਆਪੇ ਦੇ ਅਸਮਾਨ 'ਤੇ,
ਆਪ ਹੀ ਪੰਛੀ,
ਨਿੱਤ ਨਵੀਂ ਦਿਸ਼ਾ ਬਣਦੇ-
ਉਡਾਣ ਵੀ ਭਰਦੇ ਰਹੇ !

ਸਾਡਾ ਦਰਿਆ ਅਜੇ ਵੀ
ਪਹਾੜ ਦੇ ਨਾਲ ਜੁੜਿਆ, ਤੇ
ਸਮੁੰਦਰ ਵੀ ਭਰਦੇ ਰਹੇ !!!

# ਅੰਨ੍ਹਾਂ ਯੁੱਗ

ਇਹ ਕੈਸਾ ਅੰਨ੍ਹਾਂ ਯੁੱਗ ਆਇਆ
'ਨ੍ਹੇਰ 'ਚ ਡੁੱਬ ਗਏ ਸਾਰੇ ਰਾਹ !

ਅੰਬਰ ਡੁੱਬਾ ਸਾਗਰ ਦੇ ਵਿੱਚ,
ਥਲ ਵਿੱਚ ਡੁੱਬੇ ਸਭ ਦਰਿਆ !

ਧੀ ਵਿੱਚ ਧੀ ਨੂੰ ਵੇਖ ਨਾ ਸਕਿਆ ਬਾਪ !
ਬਾਪ 'ਚ ਧੀ ਵੀ ਸਿਆਣ ਸਕੀ ਨਾ ਬਾਪ !

ਨਿੱਕੀਆਂ ਬੱਚੀਆਂ ਬਲੀ ਚੜ੍ਹ ਰਹੀਆਂ,
ਹੋ ਰਹੇ ਜਬਰ-ਜ਼ਨਾਹ !
ਗੈਂਗ-ਰੇਪ ਦੇ ਇਸ ਯੁੱਗ ਅੰਦਰ,
ਰਸਤੇ ਭੁੱਲ ਗਏ ਆਪਣੇ ਰਾਹ !

ਗੋਤ-ਗਮਨੀਏ, ਸਮਲਿੰਗੀ ਹੀ,
ਕਾਮ-ਯੁੱਗ ਦੇ ਸ਼ਾਹਸਵਾਰ !

ਤਸਕਰ, ਨਸ਼ੇ, ਦਲਾਲ, ਨਸ਼ੇੜੀ,
ਉਲਟੇ ਸਮੇਂ ਦੀ ਉਲਟੀ ਗੇੜੀ !

ਗੈਂਗ-ਯੁੱਧ, ਚੁਫੇਰੇ ਹਿੰਸਾ,
ਲੁੱਟ ਖੋਹ ਦਾ ਬਾਜ਼ਾਰ ਗਰਮ ਹੈ !

ਅੰਨ੍ਹਾਂ ਟ੍ਰੈਫ਼ਿਕ, ਨੇਮ ਨਾ ਕੋਈ,
ਅਰਾਜਕਤਾ ਹੀ ਪਰਮ ਧਰਮ ਹੈ !

॥ਰਹਾਓ॥

ਕਿਸ ਨੂੰ 'ਵਾਜ ਦਿਆਂ ਕਿ ਆਵੇ ...
'ਨ੍ਹੇਰ ਨੂੰ ਕੋਈ ਨੂਰ ਵਿਖਾਵੇ ?

ਬੁੱਧ ਤੇ ਨਾਨਕ ਬਣ ਗਏ ਹਨ ਹੁਣ,
ਕਲਪਤ ਬੁੱਤ, ਕਲਪਤ ਤਸਵੀਰਾਂ !

ਧਰਮ-ਗ੍ਰੰਥ ਤੇ ਧਰਮ-ਦੁਆਰੇ,
ਬਣੇ ਅਜਾਇਬ-ਘਰ ਨੇ ਨਿਆਰੇ !

ਬਦਲ ਗਈਆਂ ਤਦਬੀਰਾਂ !!!

ਕਿਹੜਾ ? ਕਿਸਨੂੰ ਰਾਹ ਵਿਖਾਵੇ ?
ਰਾਹੇ ਪਾਵੇ ?
ਹਰ ਪਾਸੇ ਹੀ ਅੰਧਕਾਰ !!!

ਸਿਆਸਤ ਵੀ ਹੁਣ ਵਣਜ ਬਣ ਗਈ,
ਚਾਰ ਚੁਫੇਰੇ ਹਾਹਾਕਾਰ !

ਬੁੱਧ ਕੋਈ ਸਬਕ ਪੜ੍ਹਾ ਨਹੀਂ ਸਕਦਾ !
ਨਾਨਕ ਨੂਰ ਵਿਖਾ ਨਹੀਂ ਸਕਦਾ !

ਇਹ ਕੈਸਾ ਅੰਨ੍ਹਾਂ ਯੁੱਗ ਆਇਆ !
'ਨ੍ਹੇਰ 'ਚ ਡੁੱਬ ਗਏ ਸਾਰੇ ਰਾਹ !
ਅੰਬਰ ਡੁੱਬਾ ਸਾਗਰ ਦੇ ਵਿੱਚ,
ਥਲ ਵਿੱਚ ਡੁੱਬਿਆ ਹਰ ਦਰਿਆ !

**ਸ਼ਬਦ ਸੰਕੇਤ**

ਗੋਤ-ਗਮਨ : Incest, ਖ਼ੂਨ ਦੇ ਰਿਸ਼ਤੇ ਵਿੱਚ ਕਾਮ-ਸੰਬੰਧ
ਗੋਤ-ਗਮਨੀਏ : ਗੋਤ-ਗਮਨ ਕਰਨ ਵਾਲੇ
ਸਮਲਿੰਗੀ : Homosexual, Same sex relationship
ਅਰਾਜਕਤਾ : Anarchy, ਗੜਬੜ ਦਾ ਮਾਹੌਲ
ਸਬਕ : Lesson, ਪਾਠ, ਸਿੱਖਿਆ

## ‘ਫੇਸ ਟਾਈਮ’ ਪਰਵਾਰ : ‘Face Time’ Family’

ਪੀੜ੍ਹੀਆਂ, ਪਟੜਿਆਂ ਤੇ ਮੂੜ੍ਹਿਆਂ
’ਤੇ ਬੈਠਦੇ ਬੈਠਦੇ,
ਸੋਫ਼ਿਆਂ ਤੱਕ ਪਹੁੰਚ ਗਏ !

ਗਰਦਿਸ਼ ਵਿੱਚ,
ਆਪਣੀਆਂ ਸਭ
ਪੀੜ੍ਹੀਆ ਤੋਂ ਵਿੱਛੜ ਗਏ।

ਇਕ ਇਕ ਕਰਕੇ,
ਹਰ ਪੀੜ੍ਹੀ ਹਵਾ ਹੋ ਗਈ।
ਕਿਸੇ ਹੋਰ ਧਰਤੀ ’ਤੇ
ਆਪਣਾ ਦਾਇਰਾ ਬਣਾ,
ਦਾਇਰੇ ਦੀ ਹੀ ਹੋ ਗਈ।

ਬਿਖਰੀਆਂ ਹੋਈਆਂ ਪੀੜ੍ਹੀਆਂ,
ਆਪੋ ਆਪਣੇ ਦਾਇਰੇ ਵਿੱਚ,
ਆਪੋ ਆਪਣਾ ਸੰਸਾਰ ਹਨ !

ਪਰ ਅਸੀਂ,
ਪਿੱਛੇ ਰਹਿ ਗਏ–
ਆਪਣੇ ਅਰਥੀਂ,

ਆਪਣੇ ਹੀ ਘਰ ਵਿੱਚ,
ਉੱਜੜ ਗਏ !!!

ਫਿਰ ਵੀ ‘ਜ਼ੂਮ’ ਅਤੇ ਜਾਂ
‘ਸੈੱਲਫੋਨ’ ਦੇ ‘ਫੇਸ ਟਾਈਮ’ ਵਿੱਚ,
ਕਦੇ ਕਦੇ ਪ੍ਰਗਟ ਹੁੰਦੇ,
ਆਪਣੀਆਂ ਬਿਖਰੀਆਂ ਪੀੜ੍ਹੀਆਂ
ਦੇ ਚਿਹਰਿਆਂ ਦੀ,
ਉਡੀਕ ਰਹਿੰਦੀ ਹੈ !

ਪੀੜ੍ਹੀਆਂ ਦੀ ਕਹਾਣੀ,
ਬਿਖਰ ਗਈ ਸੀ !

ਪਰ ਤਕਨਾਲੋਜੀ ਵਿੱਚ,
ਫੇਰ ਜੁੜ ਗਈ ਹੈ !!!

ਆਪਣੇ ਬਿਖਰਾਓ ਵਿੱਚ,
ਜ਼ਿੰਦਗੀ ਕਿੰਨੀ ਵੱਡੀ ਹੋ ਗਈ ਹੈ,
ਦੁਨੀਆ ਕਿੰਨੀ ਸੁਕੜ ਗਈ ਹੈ !!!

**ਸ਼ਬਦ ਸੰਕੇਤ**

‘ਫੇਸ ਟਾਈਮ’ : Face Time, ਮੋਬਾਈਲ ਫ਼ੋਨ ’ਤੇ ਇਕ ਦੂਜੇ ਨੂੰ ਮਿਲਣ, ਵੇਖਣ ਦਾ ਸਾਧਨ
ਸੈੱਲਫੋਨ : Cellphone, ਮੋਬਾਈਲ ਫ਼ੋਨ
ਪੀੜ੍ਹੀ/ਪੀੜ੍ਹੀਆ : Generation/Generations, ਨਸਲ/ਨਸਲਾਂ
‘ਜ਼ੂਮ’ : Zoom, ਮਿਲਣ ਤੇ ਮੀਟਿੰਗਾਂ ਕਰਨ ਦਾ ਇਕ ਤਕਨੀਕੀ ਸਾਧਨ

# ਮੰਡੀ-ਕਲਚਰ

'ਸਟੌਕ ਮਾਰਕਿਟ'
ਚਾਰ ਚੁਫੇਰੇ-
ਅਸਰ ਵੇਖ ਲਓ :

ਮਰਦ, ਔਰਤਾਂ,
ਇਕ ਦੂਜੇ ਦੇ ਸ਼ੇਅਰ ਖ਼ਰੀਦਣ !!!

ਖੁੱਲ੍ਹਾ ਸ਼ੇਅਰ-ਬਾਜ਼ਾਰ ਬਣ ਗਈ,
ਆਸ਼ਿਕ, ਇਸ਼ਕ ਦੀ ਪ੍ਰੇਮ-ਕਹਾਣੀ !

ਪਾਰ-ਦਰਸ਼. ਭਾਵੇਂ ਇਹ ਨਜ਼ਰਾਂ-

ਜ਼ਿਸ ਨੂੰ ਨਾ ਇਹ ਵੇਖਣਾ ਚਾਹਵਣ,
ਉਸ ਲਈ ਇਹ ਦੀਵਾਰ ਬਣਦੀਆਂ !

ਦੀਵਾਰਾਂ ਵਿੱਚ ਪਤੀ ਵੰਡਿਆ,
ਦੀਵਾਰਾ ਵਿੱਚ ਹਰ ਜ਼ਨਾਨੀ !

ਅੱਜ ਦੇ ਕੌਰਵ ਪਾਂਡਵ ਸਾਰੇ,
ਸ਼ੇਅਰ-ਬਾਜ਼ਾਰੀ !

ਰੂਹ, ਜਿਸਮ, ਮਨ : ਖਪਤ-ਵਸਤੂਆਂ,
ਨਿੱਤ ਵਿਕਦੀਆਂ !

ਨਿੱਜੀ ਮਾਲਕੀ ਖਤਮ ਹੋ ਰਹੀ।

ਹਰ ਕੋਈ ਖਰੀਦੇ ਭਾਗੀਦਾਰੀ।

ਹਰ ਕੋਈ ਵੇਚੇ ਭਾਗੀਦਾਰੀ।

ਸਹਿ-ਹੋਂਦ ਤੇ ਪ੍ਰਸਪਰ ਵੰਡ ਵਿੱਚ,
ਵਿਚਰ ਰਹੇ ਹਨ ਸ਼ੇਅਰ-ਬਾਜ਼ਾਰੀ !

ਮੰਡੀ-ਸੋਚ ਤੇ ਮੰਡੀ-ਚਿੰਤਨ-
ਮੰਡੀ-ਕਲਚਰ ਦੀ ਸਰਦਾਰੀ !!!

**ਸ਼ਬਦ ਸੰਕੇਤ**

ਸਟੌਕ ਮਾਰਕਿਟ : Stock Market
ਸ਼ੇਅਰ : ਹਿੱਸਾ, Share

# ਸੜਕੋਂ ਹਟਵੇਂ ਰਾਹ

ਸੜਕਾਂ ਨਾਲ ਗੁਜ਼ਾਰੀ ਜ਼ਿੰਦਗੀ,
ਪਹੁੰਚ ਨਾ ਕਿਧਰੇ ਸੱਕੇ !
ਆਪਣੀ ਭਾਲ 'ਚ ਤੁਰੇ ਨਿਰੰਤਰ,
ਨਾ ਅੱਕੇ, ਨਾ ਥੱਕੇ !

'ਮੈਂ' ਇਕ ਅਜਬ ਬੁਝਾਰਤ ਹੈ, ਇਹ
ਅੱਧੀ ਚਾਨਣ, ਅੱਧਾ 'ਨ੍ਹੇਰਾ।
ਘਿਰ ਰਿਹਾ ਮਾਨਵ ਹਰ ਦਸ਼ਾ ਤੋਂ,
ਵੱਡਾ ਹੋ ਰਿਹਾ ਘੇਰਾ !

ਦੋ ਬਿੰਦੂਆਂ ਵਿਚਕਾਰ ਖੜੋਤੀ,
ਸੜਕ ਬਣੇ ਨਾ ਸਾਡਾ ਰਾਹ !
ਰਾਹਾਂ ਦੀ ਜੜ੍ਹ ਮਨ ਦੇ ਅੰਦਰ,
ਸਾਗਰ ਹੀ ਸਾਗਰ ਦੀ ਥਾਹ !

ਖਪਤ-ਮੰਡੀ ਦੇ ਵਿੱਚ ਵਿਕਾਊ,
ਤਨ, ਮਨ, ਰੂਹ ਦੀ ਬਾਣੀ !
ਸੁਲਝਣ ਦੇ ਉਪਰਾਲਿਆਂ ਅੰਦਰ,
ਉਲਝ ਰਹੀ ਹੈ ਤਾਣੀ !

ਜੀ ਕਰਦਾ ਛੱਡ ਭੰਬਲਭੂਸੇ,
'ਮੈਂ' ਤੇ 'ਮੈਂ' ਤੱਕ ਤੁਰੀਏ।

ਜਿਸ ਸੋਮੇ ਵਿੱਚ ਸ਼ਬਦ ਤੇ ਚਿੰਤਨ,
ਉਸਦੇ ਨਾਲ ਹੀ ਜੁੜੀਏ।

ਵਾਦ ਵਿਵਾਦੀ ਇਹ ਸੜਕਾਂ ਹੁਣ,
ਬਣਨ ਨਾ ਸਾਡਾ ਰਾਹ !
ਸਾਡੇ ਅੰਦਰ ਪਿੰਡ, ਬ੍ਰਹਮੰਡ ਹੈ,
ਦਰਸ਼ਨ ਦਾ ਸਾਗਰ ਅਸਗਾਹ !!!

**ਸ਼ਬਦ ਸੰਕੇਤ**
ਸੜਕ/ਸੜਕਾਂ : Ideology/ideologies ਦਾ ਪ੍ਰਤੀਕ

# ਸਾਪੇਖਤਾ

ਫ਼ਲਸਫ਼ਾ ਵਿਕਸਿਤ ਹੋਏ ਨਿਰੰਤਰ,
ਬਦਲੀ ਵਿੱਚ ਸਮਕਾਲ।
ਵਾਦਾਂ ਅਤੇ ਵਿਵਾਦਾਂ ਦੀ ਜੰਗ,
ਪੌਣਾਂ ਵਿੱਚ ਭੁਚਾਲ !

ਅੱਜ, ਭਲਕ ਤੇ ਕੱਲ੍ਹ ਨਾ ਬਣਦੇ,
ਕਦੇ ਵੀ ਘਰ ਸਥਾਈ।
ਬਦਲੀ ਦੇ ਵਿੱਚ ਮਾਨਵ, ਬਦਲੇ
ਮਾਨਵ ਦੀ ਦਾਨਾਈ।

ਅੱਖਾਂ ਸਾਡੀਆਂ ਨਿਸਦਿਨ ਦੇਖਣ,
ਪਿੰਡ, ਬ੍ਰਹਮੰਡ ਦੇ ਸਗਲ ਨਜ਼ਾਰੇ !
ਪਕੜ ਨਾ ਹੋਵਣ, ਛੁਹ ਤੋਂ ਭੱਜਣ,
ਬੂੰਦ, ਬੂੰਦ ਇਹ ਪਾਰੇ।

ਘੜੀ ਤਾਂ ਹੈ ਇਕ ਜੰਤਰ, ਜਿਹੜਾ
ਬੈਟਰੀ ਮੁੱਕਣ ’ਤੇ ਖੜ੍ਹ ਜਾਵੇ।
ਸਮਾਂ, ਅਦਿੱਖ, ਅਕਾਲ, ਸਦਾ ਹੀ
ਸਭ ਨੂੰ ‘ਸਵੈ’ ਦਿਖਲਾਵੇ।

ਆਪ ਦੇ ਨਾਲ ਅਨਾਪ ਦਿਸੇ, ਜਦ
ਚਾਨਣ ਨਾਲ ਅਨ੍ਹੇਰਾ।

ਦ੍ਰਿਸ਼ਟੀ ਵਿੱਚ ਸਾਪੇਖਤਾ ਦਾ ਫਿਰ,
ਚੜ੍ਹਦਾ ਨਵਾਂ ਸਵੇਰਾ।

**ਸ਼ਬਦ ਸੰਕੇਤ**
ਸਾਪੇਖਤਾ : ਸਾਪੇਖਤਾ ਦਾ ਸਿਧਾਂਤ Theory of Relativity/ਵੱਲ ਇਸ਼ਾਰਾ
ਦਾਨਾਈ : ਅਕਲਮੰਦੀ, ਚਤੁਰਾਈ
ਪਾਰੇ : ਪਾਰਾ, Mercury

## ਕਵਿਤਾ 'ਸਾਪੇਖਤਾ' ਬਾਰੇ ਨਾਮਵਰ ਸ਼ਾਇਰ ਜਸਪਾਲ ਘਈ ਦੀ ਟਿੱਪਣੀ :

ਦਾਰਸ਼ਨਿਕ ਗਹਿਰਾਈ ਤੁਹਾਡੀ ਨਜ਼ਮਗੋਈ ਦੀ ਪਛਾਣ ਹੈ, ਜੋ ਅਜੋਕੀ ਕਵਿਤਾ 'ਚੋਂ ਖ਼ਾਰਜ ਹੋ ਰਹੀ ਹੈ। ਦਾਰਸ਼ਨਿਕ ਨਜ਼ਰੀਆ ਸਿਰਫ਼ ਕਵਿਤਾ ਹੀ ਨਹੀਂ, ਸਾਰੇ ਸਾਹਿਤ ਰੂਪਾਂ ਲਈ ਨਿਹਾਇਤ ਜ਼ਰੂਰੀ ਹੈ। ਤੁਹਾਡੀ ਤਖ਼ਲੀਕ ਵਿਚ ਦਰਸ਼ਨ ਅਤੇ ਸੁਹਜ ਦਾ ਸੁਮੇਲ ਤੁਹਾਡੀ ਪ੍ਰਾਪਤੀ ਵੀ ਹੈ ਤੇ ਪਛਾਣ ਵੀ।

**ਜਸਪਾਲ ਘਈ**

–ਇਹ ਟਿੱਪਣੀ, 'ਫੇਸਬੁੱਕ' ਉੱਤੇ, 22 ਅਗਸਤ, 2022 ਨੂੰ, ਪੋਸਟ ਕੀਤੀ ਗਈ–

# ਕੁਦਰਤ ਦਾ ਸ਼ਹਿਰੀਕਰਨ

ਇਹ ਸੜਕ,
ਜੁ ਭੱਜਦੀ ਰਹਿੰਦੀ ਹੈ ਰਾਤ, ਦਿਨ,
ਵਾਹਣਾਂ ਤੇ ਟ੍ਰੈਫ਼ਿਕ ਨਾਲ-

ਇਸ ਵਿਚ ਇਕ ਲੰਮੀ ਖੜੋਤ,
ਥਿਰ ਹੋਈ-
ਮੇਰੇ ਤੋਂ ਮੇਰੇ ਵਾਂਗ-
ਸੜਕ ਦੇ ਦੋ ਸਿਰਿਆਂ ਵਿਚਕਾਰ !

ਖਿੜਕੀ ਵਿੱਚੋਂ,
ਵੇਖਦਾ ਹਾਂ:
ਪਰਬਤ ਦੀ ਰੋਡੀ ਚੋਟੀ,
ਥਿਰ ਇਕਾਈਆਂ,
ਘਰਾਂ ਦਾ ਇਕ ਗਣਿਤਮੁਖੀ ਸਿਲਸਿਲਾ !

ਵੇਖਦਾ ਹਾਂ:
ਕੱਟੇ ਹੋਏ ਜੰਗਲ,
ਪੰਛੀਆਂ ਦੇ ਘਰਾਂ ਦਾ ਉਜਾੜਾ !

ਕਨਕ੍ਰੀਟ ਦੇ ਜੰਗਲ ਵਿੱਚ,
ਕੁਦਰਤ ਦਾ ਸ਼ਹਿਰੀਕਰਨ !
ਮਸ਼ੀਨ ਬਣੀ ਜਿੰਦਗੀ,

ਮੋਬਾਈਲ ਤੋਂ ਮੋਬਾਈਲ ਤੱਕ ਸੀਮਤ !

ਆਹਮੋ ਸਾਹਮਣੇ ਬੈਠਕੇ,
ਗਰਮਾਂ ਗਰਮ, ਸੁਜੀਵ ਤੇ ਉਤੇਜਿਤ
ਗੁਫਤਗੂ ਦਾ ਦੌਰ ਖ਼ਤਮ !

ਲਤੀਫ਼ੇ, ਮਸ਼ਕਰੀਆਂ, ਅਠਕੇਲੀਆਂ,
ਲੱਛੇਦਾਰ ਗੱਲਾਂ, ਗੱਪਾਂ, ਬੁਝਾਰਤਾਂ,
ਜ਼ਿੰਦਗੀ 'ਚੋਂ ਗ਼ਾਇਬ !

ਕਨਕ੍ਰੀਟ ਦੇ ਜੰਗਲ ਵਿੱਚ,
ਮਾਨਵਤਾ ਉੱਜੜ ਗਈ ਹੈ !

ਮਾਨਵ,
ਸੜਕ 'ਤੇ ਤੁਰਦਾ ਜ਼ਰੂਰ ਹੈ,
ਪਰ,
ਪਹੁੰਚਦਾ ਕਿਤੇ ਨਹੀਂ !

ਮੇਰੇ ਵਾਂਗ,
ਖੜੋਤਾ ਹੋਇਆ ਵੀ,
ਰੋਜ਼ ਸਫ਼ਰ ਕਰਦਾ ਹੈ :
'ਮੈਂ' ਤੋਂ 'ਮੈਂ' ਤੱਕ !!!

## ਸੱਖਣਾਪਣ

ਸੱਖਣੇਪਣ ਵਿੱਚ ਸੱਖਣੇ ਅਰਥ ਤੇ
ਸੱਖਣੀ ਹੋ ਜਾਂਦੀ ਹੈ ਬਾਣੀ।
ਸੱਖਣੇ ਹੋ ਕੇ ਸੁੱਕ ਮੁੱਕ ਜਾਂਦੇ,
ਟੁੱਟ ਦਰਿਆਵਾਂ ਨਾਲੋਂ ਪਾਣੀ।

ਤੁਰਦੀ ਘੱਟ ਤੇ ਰੁਕਤੀ ਵੱਧ ਹੈ,
ਖਪਤ-ਕਲਚਰ ਦੀ ਪ੍ਰੇਮ-ਕਹਾਣੀ।
ਗਣਿਤ ਦੀ ਗਿਣਤੀ ਬਣਦੇ ਜਾ ਰਹੇ,
ਅੱਜ ਦੇ ਆਸ਼ਿਕ, ਅੱਜ ਦੇ ਹਾਣੀ।

ਔਰਤ, ਮਰਦ ਅਕਾਊਂਟ ਬਣ ਗਏ,
ਬੋਲਣ ਲੱਗ ਪਏ ਬੈਂਕ ਦੀ ਬਾਣੀ।
ਰਿਸ਼ਤੇ ਵੀ ਇਨਵੈਸਟਮੈਂਟ ਨੇ,
ਖੋਟੇ ਸਿੱਕੇ, ਸੱਖਣੇ ਪ੍ਰਾਣੀ।

ਗਿਣਤੀ ਦੇ ਵਿੱਚ ਬਚਪਨ ਲੰਘਿਆ,
ਗਿਣਤੀ ਮਿਣਤੀ ਹੋਸ਼, ਜਵਾਨੀ।
ਗਿਣ ਗਿਣ ਬੁੱਢਾ ਸਿਫ਼ਰ ਹੋ ਗਿਆ,
ਸਿਫ਼ਰਾ ਜੀਵੇ ਖਲਾਅ-ਕਹਾਣੀ।

ਸੱਖਣੇਪਣ ਵਿੱਚ ਸੱਖਣੇ ਅਰਥ ਤੇ
ਸੱਖਣੀ ਹੋ ਜਾਂਦੀ ਹੈ ਬਾਣੀ।
ਸੱਖਣੇ ਹੋ ਕੇ ਸੁੱਕ ਮੁੱਕ ਜਾਂਦੇ,
ਟੁੱਟ ਦਰਿਆਵਾਂ ਨਾਲੋਂ ਪਾਣੀ।

## ਨਕਸ਼ਾ

ਇਨਸਾਨ,
ਹਿੱਸਿਆਂ ਵਿੱਚ ਵੰਡਿਆ ਹੋਇਆ ਜੰਮਦਾ,
ਤੇ
ਹਿੱਸਿਆਂ ਵਿੱਚ ਵੰਡਿਆ ਹੀ ਮਰ ਜਾਂਦਾ ਹੈ !

ਪੁੱਤਰ,
ਜੰਮਦਿਆਂ ਹੀ,
ਹਿੱਸੇਦਾਰ ਬਣ ਜਾਂਦਾ ਹੈ !

ਧੀ, ਜਵਾਈ, ਨੂੰਹ,
ਸਭ ਹਿੱਸੇਦਾਰ ਹਨ।

ਸੋਚ ਤੇ ਚਿੰਤਨ ’ਚੋਂ,
ਜੁ ਬਾਕੀ ਬਚਦਾ ਹੈ,
ਦੋਸਤ, ਦੁਸ਼ਮਣ ਤੇ ਅਜਨਬੀ
ਉਠਾ ਕੇ ਲੈ ਜਾਦੇ ਹਨ !

ਹੌਲੀ ਹੌਲੀ,
ਅਸੀਂ ਆਪਣੇ ਆਪ ਲਈ,
ਹਿੱਸਾ-ਹੀਣ ਹੁੰਦੇ ਜਾ ਰਹੇ ਹਾਂ !
ਜਾਪਦਾ ਹੈ, ਕਿ
ਨਕਸ਼ੇ ਵਿੱਚ ਵੱਸਦੇ,

ਸਭ ਦੇਸ਼ਾਂ ਵਾਂਗ-
ਅਸੀਂ ਕੇਵਲ,
ਇਕ ਲਕੀਰੀ ਖ਼ਾਕਾ
ਬਣ ਕੇ ਰਹਿ ਗਏ ਹਾਂ।

ਮਿਲ ਕੇ,
ਇਕ ਅਸਤਿਤਵ,
ਇਕ ਦੇਸ਼,
ਇਕ ਦੁਨੀਆ
ਨਹੀਂ ਬਣਦੇ !

ਅਸੀਂ ਕੇਵਲ ਇਕ ਨਕਸ਼ਾ ਹਾਂ !!!

## ਵਸਤੂ ਦੀ ਤਲਾਸ਼

ਮਾਨਵ ਦਾ ਚਿਹਰਾ ਨਹੀਂ,
ਇਕ ਖ਼ਾਕਾ,
ਇਕ ਲਕੀਰੀ ਆਕਾਰ ਜਿਹਾ
ਨਜ਼ਰ ਆਉਂਦਾ ਹੈ !

ਨੱਕ, ਬੁੱਲ੍ਹ, ਅੱਖਾਂ, ਕੰਨ,
ਸਭ ਗ਼ਾਇਬ ਹਨ !
ਧੌਣ ਉੱਤੇ ਟਿਕਿਆ ਹੋਇਆ,
ਇਕ ਦਾਇਰਾ ਜਿਹਾ ਦਿਸਦਾ ਹੈ !

ਇਸਦੀ ਪਛਾਣ ਗੁੰਮ ਗਈ,
ਇਸਦਾ ਵਸਤੂ ਵਿੱਛੜ ਗਿਆ ਹੈ !

ਦਾਇਰੇ ਦੇ ਵਿੱਚ ਖਲਾਅ ਹੈ !

ਚਾਰ ਚੁਫ਼ੇਰੇ ਹੁਣ ਇਹ
ਇਹ ਖ਼ਾਕੇ,
ਇਹ ਦਾਇਰੇ ਜਿਹੇ ਹੀ ਦਿਸਦੇ ਹਨ।

ਰੂਪ ਆਪਣੇ ਵਸਤੂ ਦੀ ਤਲਾਸ਼ ਵਿੱਚ,
ਆਪਣਾ ਸਗਲਾ ਆਪਾ
ਖੋ ਬੈਠਾ ਹੈ !

ਹੁਣ ਗੁਮਸ਼ੁਦਾ ਨੂੰ,
ਗੁਮਸ਼ੁਦਾ ਹੀ ਢੂੰਡਦੇ ਹਨ।

ਵਰਤਮਾਨ ਮਸ਼ਕਰੀ ਕਰ ਰਿਹਾ,
ਭਵਿੱਖ ਹੱਸ ਰਿਹਾ ਹੈ !

ਬੇਪਛਾਣ ਅਜਨਬੀ–
ਆਪਣੇ ਆਪ ਤੋਂ ਟੁੱਟਾ,
ਗੁਆਚਾ ਇਹ ਮਾਨਵ,
ਕਿੱਧਰ ਨੂੰ ਜਾ ਰਿਹਾ ਹੈ ???

# ਵਿਅਕਤੀਵਾਦ ਬਨਾਮ ਭੀੜ-ਕਲਚਰ

*(ਪੰਜਾਬੀ ਸਾਹਿਤ ਦੇ ਪ੍ਰਸੰਗ ਵਿੱਚ)*

ਟੋਲੀਆਂ, ਜੱਥੇਬੰਦੀਆਂ,
ਵਿਚਾਰਧਾਰਾਵਾਂ,
ਵਾਦਾਂ ਤੇ ਪ੍ਰਤਿਵਾਦਾਂ ਦਾ ਸਮਾਂ ਹੋਰ ਸੀ।

ਅਸੀਂ ਇਕ ਦੂਜੇ ਨੂੰ ਪੜ੍ਹਦੇ ਪੜ੍ਹਦੇ,
ਇਕ ਦੂਜੇ ਤੋਂ ਸਿੱਖਦੇ ਸਿੱਖਦੇ,
ਮੁਕਾਬਲੇ ਵਿੱਚ,
ਆਪਣੀ ਪੁਸਤਕ ਪੂਰੀ ਕਰ ਲੈਂਦੇ ਸਾਂ।

ਆਲੋਚਕ ਵੀ ਇਕ ਧੜਾ ਸਨ-
ਉੱਨੀ ਇੱਕੀ ਦੇ ਫਰਕ ਨਾਲ,
ਸਭ 'ਤੇ ਮੋਹਰ ਲਗਾ ਦਿੰਦੇ ਸਨ,
ਦਰਜਾ ਬਦਰਜਾ,
ਸਭ ਨੂੰ ਲੇਖਕ ਬਣਾ ਦਿੰਦੇ ਸਨ।

ਸਿਰਜਣਾ ਨਹੀਂ ਸੀ,
ਇਹ ਤਾਂ
ਵਿਚਾਰਧਾਰਾ ਦੇ ਚੌਖਟੇ ਵਿੱਚ ਬੱਝਾ,
ਉਤਪਾਦਨ ਸੀ-
ਕਿਸੇ ਕਾਰ-ਫ਼ੈਕਟਰੀ ਵਿੱਚ,
ਇੱਕੋ ਮਾਡਲ ਦੀਆਂ ਕਾਰਾਂ ਵਾਂਗ-
ਭੀੜ-ਕਲਚਰ ਦਾ ਪ੍ਰਦਰਸ਼ਨ।

ਹੁਣ ਵਿਅਕਤੀਵਾਦੀ ਯੁੱਗ ਹੈ।
ਉਸਤਾਦ ਤੇ ਸ਼ਾਗਿਰਦ ਅਸੀਂ ਆਪ ਹਾਂ।

ਸਾਡੀ ਅਗਲੀ ਪੁਸਤਕ,
ਪਹਿਲੀ ਤੋਂ ਕੁਝ ਵੱਖਰੀ,
ਤੇ
ਨਿਵੇਕਲੀ ਹੋਣੀ ਚਾਹੀਦੀ ਹੈ,
ਲਗਾਤਾਰ ਬਦਲ ਰਹੀ ਜ਼ਿੰਦਗੀ ਵਾਂਗ।

ਸਿਰਜਣਾ ਤੇ ਸਿਧਾਂਤ ਅਸੀਂ ਆਪ ਹਾਂ।

ਅਸੀਂ ਤਾਂ ਖ਼ੁਦ ਨੂੰ ਪੜ੍ਹਕੇ,
ਪਹਿਲੇ ਤੋਂ ਕੁਝ ਵੱਖਰਾ ਲਿਖਣਾ ਹੈ।

ਇੱਕੋ ਜਿਹੇ ਹੁੰਦੇ ਹੋਏ ਵੀ,
ਅਲੱਗ ਦਿਸਣਾ ਹੈ।

ਗੱਲ ਭਾਵੇਂ ਨਵੀਨੀਕਰਨ ਦੀ ਹੋਵੇ,
ਨਵ-ਸਿਰਜਣ ਜਾਂ ਪੁਨਰ-ਸਿਰਜਣ ਦੀ,
ਸਜਗ ਲੇਖਕ, ਹਰ ਸਮੇਂ,
ਕਈ ਸਤਰਾਂ 'ਤੇ ਵਿਚਰਦਾ ਹੈ।

ਸਿਰਜਣਾ,
ਇੱਕੋ ਸਮੇਂ,
ਮੀਂਹ ਵਾਂਗ ਵੱਸਣ,
ਤੇ
ਉਸ ਵਿੱਚ ਭਿੱਜਣ ਸਮਾਨ ਹੁੰਦੀ ਹੈ !!!

ਵਾਦ-ਕੈਦ,
ਤੇ

ਭੀੜ-ਕਲਚਰ ਤੋਂ ਮੁਕਤ-
ਸੁਤੰਤਰ ਲਿਖਤ ਦਾ,
ਇਕ ਵੱਖਰਾ ਤੇ ਵਿਲੱਖਣ ਕਿਰਦਾਰ ਹੈ।

ਸਾਡੇ ਬਗ਼ੀਚੇ ਵਿੱਚ,
ਹਰ ਇਕ ਫੁੱਲ ਦੀ,
ਆਪੋ ਆਪਣੀ ਬਹਾਰ ਹੈ !!!

**ਸ਼ਬਦ ਸੰਕੇਤ**

ਵਿਅਕਤੀਵਾਦ : Indiviualism, ਇਨਫਰਾਦੀਅਤ
ਭੀੜ-ਕਲਚਰ : Crowd Culture, Mob Culture

## ਥਿਰ, ਅਸਥਿਰ ਦੇ ਵਿੱਚ ਸੰਵਾਦ

ਤ੍ਰੇਲ ਦੇ ਤੁਪਕੇ ਪਕੜ ਨਾ ਹੋਵਣ,
ਛੁਹਿਆਂ ਬਿਣਸੇ ਹੋਂਦ-ਕਹਾਣੀ।
ਬੀ ਦੀ ਕਥਾ 'ਚੋਂ ਬੋਲੇ ਸੂਰਜ,
ਧਰਤੀ, ਪੌਣ ਤੇ ਪਾਣੀ।

ਚਿੰਤਨ ਮੰਥਨ ਵਿੱਚ ਫ਼ਲਸਫ਼ਾ,
ਅਨੁਭਵ-ਜਗਤ 'ਚ ਮੈਂ-ਦੁਆਰ।
ਕਲਪਨਾ ਦੇ ਵਿੱਚ ਸੋਚ-ਉਡਾਰੀ,
ਸ਼ਬਦਾਂ ਵਿੱਚ ਕਵਿਤਾ-ਸੰਸਾਰ।

ਲੱਕੜ ਦੇ ਵਿੱਚ, ਅੱਗ ਜਿਸ ਤਰ੍ਹਾਂ,
ਬਿਜਲੀ, ਵਿੱਚ ਘਟਾਵਾਂ।
ਸੱਤ-ਰੰਗੀਆਂ ਵਿੱਚ ਕਈ ਦਰਵਾਜ਼ੇ,
ਆਪਣਾ ਰਾਹ ਬਣਾਵਾਂ।
ਸੋਚੀਂ ਬੀਤ ਰਿਹਾਂ, ਅਸਥਿਰਤਾ,
ਥਿਰ ਹੋਵਣਾ ਸੋਚੇ।
ਧਰਤੀ, ਸੂਰਜ, ਪਵਨ ਬਣਾ, ਮੈਂ
ਸਾਗਰ ਬਣਨਾ ਲੋਚੇ।

ਮਿਲ ਜੁਲ ਕੇ ਸੰਦਰਭ ਸਿਰਜਦਾ,
ਕੁਦਰਤ ਦਾ ਵਰਤਾਰਾ।

ਦ੍ਰਿਸ਼ਟੀ ਵਿੱਚ ਹੀ ਦ੍ਰਿਸ਼ ਵਸੇਂਦਾ
ਗ੍ਰੰਥ, ਗਿਆਨ-ਭੰਡਾਰਾ।

ਮਨ ਦੀਆਂ ਬਾਤਾਂ ਪਾਉਂਦਾ ਤਨ ਹੈ,
ਇਕ ਤ੍ਰੈਕਾਲ ਪਾਸਾਰਾ।
ਥਿਰ, ਅਸਥਿਰ ਦੇ ਵਿੱਚ ਸੰਵਾਦ,
ਜੀਵਨ, ਮੌਤ ਦਾ ਖੇਡ ਨਿਆਰਾ !!!

# ਮਖੌਟਿਆਂ ਵਾਲੀ ਕੁੜੀ

ਆਪਣਾ ਟਾਪੂ ਨਾਲ ਉਠਾ ਕੇ,
ਕਦੇ ਕਦੇ ਉਹ ਆ ਜਾਂਦੀ ਹੈ।

ਇਕ ਟਾਪੂ ਦੀ ਵਿੱਥ ਤੋਂ ਬੋਲੇ,
ਪਰ ਉਹ ਭੇਦ ਕਦੇ ਨਾ ਖੋਲ੍ਹੇ।

ਟਾਪੂ ਵਾਲੀ ਏਸ ਕੁੜੀ ਦਾ,
ਫਿਰ ਵੀ ਸਾਥ ਸੁਹਾਵਾ, ਭਾਵੇ,
ਜੀ ਕਰਦਾ ਉਹ ਮੁੜ ਮੁੜ ਆਵੇ।

ਸੋਚ ਦੇ ਜੰਗਲ ?
ਚਿੰਤਾਵਾਂ ਦੇ ਉਲਝੇ ਤਾਣੇ ?
ਘੋਰ ਉਦਾਸੀ ?

ਸਾਗਰ ਜੇਡੀ ਡੂੰਘੀ ਚੁੱਪ ’ਚੋਂ,
ਮਾਰ ਠਹਾਕਾ,
ਅੰਬਰ ਜੇਡਾ ਹਾਸਾ ਹੱਸੇ।

ਕਿੰਨਾ ਚੱਜ, ਹੁਨਰ ਹੈ ਉਸ ਵਿੱਚ।

ਸਹਿਜ-ਸੁਭਾ ਹੀ,
ਸਭ ਮਖੌਟੇ ਬਦਲੀ ਜਾਵੇ।

ਮਹਿਕ ਵਾਂਗਰਾਂ,
ਪੌਣਾਂ ਵਿੱਚੋਂ,
ਹੱਥ ਨਾ ਆਵੇ।

ਰੰਗ-ਮੰਚ ਦੀ ਧੁਨੀ, ਰੌਸ਼ਨੀ,
ਚੁੱਪ 'ਚੋਂ ਵੀ ਮੁਸਕਾਨ ਦਿਖਾਵੇ।
ਪਾਵੇ ਦੇ ਨਾਲ ਕਾਲ ਬੰਨ੍ਹਕੇ,
ਨਾਟਕ ਦੇ ਸਭ ਰੰਗ ਦਿਖਲਾਵੇ।

ਉਸਦੇ ਮੌਨ 'ਚ,
ਕਈ ਕਵਿਤਾਵਾਂ-
ਜੰਗਲ ਦੇ ਵਿੱਚ ਰੁੱਖਾਂ ਵਾਂਗੂੰ,
ਕੱਲੀਆਂ, ਕੱਲੀਆਂ।

ਸਾਗਰ ਦੇ ਵਿੱਚ ਟਾਪੂਆਂ ਵਾਂਗੂੰ,
ਕੱਲੀਆਂ, ਕੱਲੀਆਂ,
ਕੱਠੀਆਂ, ਕੱਠੀਆਂ !!!

ਜ਼ਿੰਦਗੀ ਵਰਗੀ ਏਸ ਕੁੜੀ ਦਾ,
ਫਿਰ ਵੀ ਸਾਥ ਸੁਹਾਵਾ, ਭਾਵੇ।
ਆਪਣੇ ਸਭ ਮਖੌਟੇ ਲੈ ਕੇ,
ਜੀ ਕਰਦਾ ਉਹ ਮੁੜ ਮੁੜ ਆਵੇ।

## ਦਿਸ਼ਾ-ਹੀਣ

ਕੁਝ ਲੋਕ,
ਕਾਰ, ਵਿਮਾਨ ਤੇ ਰੇਲਗੱਡੀ ਵਿੱਚ,
ਸਫ਼ਰ ਕਰਦੇ ਹੋਏ ਵੀ,
ਜ਼ਿਹਨੀ ਤੌਰ ’ਤੇ,
ਪੈਦਲ ਹੀ ਚੱਲਦੇ ਹਨ-
ਇਕ ਥਾਂ ਖੜ੍ਹੇ,
ਘਾਣੀ ਕਰਨ ਵਾਂਗ !

ਇਨ੍ਹਾਂ ਦੀ ਧਰਤੀ,
ਸੂਰਜ ਦੁਆਲੇ ਘੁੰਮਣੋਂ,
ਹਟ ਗਈ ਹੈ !

ਸਟਿੱਲ ਲਾਈਫ਼ ਪੇਂਟਿੰਗ ਵਾਂਗ,
ਇਨ੍ਹਾਂ ਦੀ ਹੋਂਦ ਥਿਰ ਹੋ ਗਈ ਹੈ !

ਹੁਣ ਤੱਕ ਜੁ ਸਾਹ ਇਨ੍ਹਾਂ ਨੇ ਲਏ,
ਉਹ ਬਾਸੀ ਸਨ !
ਜੋ ਕਦਮ ਇਨ੍ਹਾਂ ਨੇ ਤੁਰੇ,
ਉਹ ਕਿਸੇ ਹੋਰ ਦੇ ਸਨ !

ਇਨ੍ਹਾਂ ਦੇ ਸ਼ੀਸ਼ੇ ਵਿੱਚ ਅਨੇਕਾਂ ਚਿਹਰੇ,
ਕਿਸੇ ਹੋਰ ਦੇ ਲਾਹੇ ਹੋਏ ਮਖੌਟੇ ਸਨ !

ਚੌਕ ਵਿੱਚ ਖੜ੍ਹਿਆਂ, ਇਨ੍ਹਾਂ ਨੂੰ
ਹਰ ਸੜਕ ਆਪਣੀ ਜਾਪੀ-
ਪਰ ਕੋਈ ਸੜਕ ਵੀ,
ਇਨ੍ਹਾਂ ਦਾ ਰਾਹ ਨਾ ਬਣੀ !

ਜੀਵਨ ਤੇ ਮੌਤ ਵਿਚਕਾਰ,
ਦਿਸ਼ਾ-ਹੀਣ, ਇਹ ਲੋਕ
ਕੇਵਲ ਜੰਮਦੇ ਤੇ ਮਰਦੇ ਹਨ !

ਨਾ ਇਹ ਆਪ ਬਣਕੇ ਜੀਵੇ,
ਨਾ ਇਹ ਆਪ ਬਣਕੇ ਮਰੇ !

ਇਨ੍ਹਾਂ ਦਾ ਕੋਈ ਮੁੱਲ,
ਕੋਈ ਫ਼ਲ਼ਸਫ਼ਾ ਨਹੀਂ ਹੁੰਦਾ !!!

ਇਹ ਪੂਰਨ ਇਕਾਈ ਨਹੀਂ ਬਣਦੇ !!!

## ਬੁੱਲ੍ਹਿਆ ਸਿੱਧੀ ਲੀਕ ਵਿਖਾ

ਇਕ ਤੋਂ ਦੋ ਤੇ
ਦੋ ਤੋਂ ਚਾਰ ਹੋਇਆ, ਇਹ
ਟੁੱਟਿਆ ਆਪਾ,
ਤੁਰ ਪਿਆ ਚਾਰ ਦਿਸ਼ਾਵਾਂ ਵੱਲ !

ਹਰ ਪਾਸੇ ਵੀਰਾਨ ਬਸਤੀਆਂ,
ਪਾਟੀ ਦ੍ਰਿਸ਼ਟੀ, ਉੱਜੜੇ ਘਰ !

ਅੰਦਰ, ਬਾਹਰ ਹਨ ਖ਼ਲਾਵਾਂ,
ਭੱਜੀਆਂ ਖਿੜਕੀਆਂ, ਟੁੱਟੇ ਦਰ !

ਸਿਰਜਕੇ ਆਪਣਾ ਆਪ ਚੱਕ੍ਰਵਯੂਹ,
ਆਪੇ ਮਾਰ - ਰਿਹਾ ਹੈ ਮਰ !!!

॥ ਰਹਾਉ ॥

'ਬੁੱਲ੍ਹਿਆ' ਸਿੱਧੀ ਲੀਕ ਵਿਖਾ,
ਸਾਨੂੰ ਕੋਈ ਦਿਸ਼ਾ ਵੀ ਘੱਲ।

ਪ੍ਰੀਤ-ਕਥਾਵਾਂ ਭੁੱਲ ਗਏ ਸਾਰੇ,
ਰਿਸ਼ਤੇ ਪਲ, ਦੋ ਪਲ !

ਨਜ਼ਰਾਂ ਦੀ ਹੱਦ ’ਤੇ ਉਲਝੇਵਾਂ,
ਉਲਝਿਆ ਅੰਬਰ, ਸਾਗਰ, ਥਲ !

ਹੀਰ ਕਿਵੇਂ ਰਾਂਝਾ ਬਣ ਨੱਚੇ ?
ਰਾਂਝਾ ਬਣਨ ਦਾ ਦੱਸ ਕੋਈ ਵੱਲ।

ਟੁੱਟ ਭੱਜ ਸਾਰੀ ਜੋੜ ਦੇ ਬੁੱਲ੍ਹਿਆ,
ਮੋੜ ਅਸਾਨੂੰ ਚਿੰਤਨ ਵੱਲ !!!

**ਸ਼ਬਦ ਸੰਕੇਤ**
ਬੁੱਲ੍ਹਿਆ : ਬੁੱਲ੍ਹੇ ਸ਼ਾਹ
ਹੀਰ ਕਿਵੇਂ ਰਾਂਝਾ ਬਣ ਨੱਚੇ ? : 1. ‘ਰਾਂਝਾ ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ !
ਸੱਦੋ ਨੀ ਮੈਨੂੰ ਧੀਦੋ ਰਾਂਝਾ, ਹੀਰ ਨਾ ਆਖੇ ਕੋਈ !’
2. ‘ਕੰਜਰੀ ਬਣਿਆਂ ਮੇਰੀ ਇੱਜ਼ਤ ਨਾ ਘੱਟਦੀ,
ਮੈਨੂੰ ਨੱਚ ਕੇ ਯਾਰ ਮਨਾਵਣ ਦੇ !’

## ਕੋਲ ਕੋਲ ਸਫ਼ਰ

ਰਸਤਿਆਂ ਦੀ ਧੂੜ ਦਾ, ਜੁੱਸੇ 'ਤੇ ਵੀ ਅਸਰ ਹੈ।
ਕਿਰਕ ਹੈ ਹਰ ਛੂਹ ਵਿੱਚ, ਕਿਰਕਿਰਾ ਬਸ਼ਰ ਹੈ।

ਅੱਖ ਮਾਰੀ, ਅੱਖ ਪਕੜੀ, ਇਸ਼ਕ ਦੀ ਤਕੜੀ ਪਕੜ,
ਏਸ ਉਮਰੇ ਵੇਖ ਲਓ, ਆਸ਼ਕ ਕਿਵੇਂ ਨਸ਼ਰ ਹੈ।

ਖੁੱਲ੍ਹੇ ਰੱਖੇ ਹਨ ਸਦਾ, ਬੂਹੇ ਸਾਰੇ, ਬਾਰੀਆਂ,
ਇਕ ਨੂੰ ਲੱਭਣ ਲਈ, ਸਭ 'ਚੋਂ ਲੰਘੀ ਨਜ਼ਰ ਹੈ।

ਖ਼ਾਕ ਛਾਣੀ ਹੈ ਬਹੁਤ, ਤਜਰਬੇ ਹੀ ਤਜਰਬੇ,
ਇਸ ਕਵੀ ਦੇ ਕਾਵਿ ਦੀ, ਬ੍ਰਹਮੰਡ 'ਤੇ ਨਜ਼ਰ ਹੈ।

ਵਾਟ ਨੂੰ ਮੁੱਕਣ ਨਾ ਦਿੱਤਾ, ਅੱਗਿਓਂ ਅੱਗੇ ਨਿਸ਼ਾਨਾ,
ਆਪ ਨੂੰ ਹੀ ਪਾਉਣ ਲਈ, ਖੋਲ੍ਹਿਆ ਹਰ ਦਰ ਹੈ।

ਵਸਲ, ਬਿਰਹਾ, ਦੋ ਰੰਗ, ਇਕ ਸਿੱਕਾ, ਦੋ ਪਾਸੇ,
ਤੁਰਨ, ਭਟਕਣ ਸਮ-ਅਰਥ, ਕੋਲ ਕੋਲ ਸਫ਼ਰ ਹੈ।

# ਮਾਨਵ, ਬੋਲੀ ਤੇ ਬ੍ਰਹਮੰਡ

ਬੋਲੀਆਂ ਵਿਕਾਸਸ਼ੀਲ ਵਧਦੀਆਂ ਅੱਗੇ, ਅਗੇਰੇ,
ਅਰਥ ਨਵੇਂ ਜਨਮਦੇ, ਮੁਹਾਵਰੇ ਟੁੱਟਦੇ ਰਹੇ।
ਸ਼ਬਦ ਵਿੱਚ ਕੋਈ ਰੂਹ ਨਵੀਂ ਫੂਕਣ ਲਈ,
ਅਨੁਭਵਾਂ ਤੇ ਅੱਖਰਾਂ ਦੇ ਕਾਫ਼ਲੇ ਢੁੱਕਦੇ ਰਹੇ।

ਇੱਕੋ ਸੂਰਜ ਨਾਲ ਵੇਖੇ, ਨੂਰ ਵੀ ਤੇ 'ਨ੍ਹੇਰ ਵੀ,
ਜ਼ਿੰਦਗੀ ਦੇ ਭਰਮ ਵਿੱਚ ਸੱਚ ਵੀ ਛੁੱਪਦੇ ਰਹੇ।
ਲੱਭਤ ਅਤੇ ਈਜਾਦ ਦੀ ਮਾਂ ਹੈ ਸਾਡੀ ਜ਼ਿੰਦਗੀ,
ਗਿਆਨ ਤੇ ਵਿਗਿਆਨ ਦੇ ਸਭ ਕਾਫ਼ਲੇ ਢੁੱਕਦੇ ਰਹੇ।

ਤੁਰਦੀ ਸਮੇਂ ਦੇ ਨਾਲ ਪਰ ਤੇਰੇ ਸਮੇਂ ਨੂੰ ਜ਼ਿੰਦਗੀ,
ਜੰਮਣ ਮਰਨ ਦੀ ਭੋਂ ਵਿੱਚ, ਸੁਪਨ ਸਦ ਉੱਗਦੇ ਰਹੇ।
ਕਲਪਨਾ ਸਾਡੀ 'ਚੋਂ ਜੰਮੇ ਰੱਬ, ਈਸ਼ਵਰ ਤੇ ਖੁਦਾ,
ਚਿੰਤਨ 'ਚ ਕਥ ਮਿੱਥ, ਸੰਗ ਸੰਗ ਫ਼ਲਸਫ਼ੇ ਪੁੱਗਦੇ ਰਹੇ।

ਜ਼ਿੰਦਗੀ ਦਰਿਅ ਵੀ ਹੈ ਤੇ ਝੀਲ ਵਿਚਲਾ ਹੈ ਟਿਕਾਅ,
ਫੁੱਲਾਂ, ਮਹਿਕਾਂ ਤੋਂ ਸੁਹਜ ਦੇ ਜ਼ਿਕਰ ਵੀ ਤੁਰਦੇ ਰਹੇ।
ਸਥੂਲ ਵਿੱਚ ਸੂਖ਼ਮ ਅਤੇ ਸੂਖ਼ਮ ਦੇ ਵਿੱਚ ਸਥੂਲ ਹੈ,
ਹੋਂਦ ਸਾਡੀ ਵਿੱਚ ਬ੍ਰਹਮੰਡ ਪਿੰਡ ਵੀ ਜੁੜਦੇ ਰਹੇ !!!

## ਖਲਾਈ ਵਰਤਮਾਨ ਤੇ ਪਟੜੀ ਤੋਂ ਲੱਥਾ ਭਵਿੱਖ

**1.**
ਮਿੱਤਰ ਤਾਂ ਕਦੋਂ ਦੇ ਤੁਰ ਗਏ ਸਨ,
ਹੱਥ ਪਰ ਲਗਾਤਾਰ ਹਿੱਲਦੇ ਰਹੇ।
ਪ੍ਰਸੰਸਾ ਦੀ ਖਿੱਚ ਹੀ ਏਨੀ ਸੀ,
ਹੱਥਾਂ ਦੇ ਭਰਮ ਨੂੰ ਮਿਲਦੇ ਰਹੇ।

ਛੁਰਿਆਂ ਦੇ ਇਸ ਮੌਸਮ ਵਿੱਚ,
ਪਿੱਠ ਵਿੱਚ ਛੁਰੇ ਵੀ ਵੱਜਦੇ ਰਹੇ।
ਮਿੱਤਰਤਾ ਦਾ ਭਰਮ ਭੋਗਣ ਵਾਸਤੇ,
ਮਿੱਤਰਾਂ ਦੇ ਹੱਥ ਨੂੰ ਕੱਜਦੇ ਰਹੇ।

ਚਾਰ ਚੁਫ਼ੇਰ ਬੇਗਾਨਾਪਨ ਤੇ
ਪੱਟੜੀਓਂ ਉੱਤਰਿਆ ਸਾਡਾ ਕੱਲ੍ਹ ਹੈ।
ਵਰਤਮਾਨ, ਭਵਿੱਖ ਖ਼ਲਾਅ ਹਨ,
ਪ੍ਰਸ਼ਨ-ਚਿੰਨ੍ਹ ਬਣਿਆ ਹਰ ਪਲ ਹੈ ???

**2.**
ਅੱਜ ਦੀਆਂ ਮਾਂਵਾਂ ਬੱਚੇ ਨਹੀਂ,
ਮਖੌਟੇ ਜੰਮਦੀਆਂ ਹਨ।
ਅੱਖਾਂ 'ਚ ਬਣਾਵਟ ਦੀ ਮਮਤਾ,
ਅਸਲ ਵੇਖਣੋਂ ਵੀ ਕੰਬਦੀਆਂ ਹਨ।

ਟੈਸਟ ਟਿਊਬ ਬੇਬੀ, ਮੁੱਲ ਦੇ 'ਸਪਰਮ',
ਕੁੱਖ ਭਰੀ ਹੋਈ ਵੀ ਖ਼ਾਲੀ ਜਾਪਦੀ ਹੈ।
ਭਾੜੇ ਦੀ ਕੁੱਖ ਵਣਜ ਜੰਮਦੀ,
ਬੈਂਕ-ਬੈਲੈਂਸ ਨਾਪਦੀ ਹੈ।

ਬੱਚੇ ਮਾਪਿਆਂ ਨਾਲ ਨਹੀਂ, ਸਗੋਂ
ਕੰਪਿਊਟਰ ਨਾਲ ਵੱਡੇ ਹੁੰਦੇ ਹਨ।
ਆਪਣਾ ਆਪਾ ਢੂੰਡਣ ਲਈ,
ਵੀਡੀਓ-ਖੇਡਾਂ 'ਚ ਗੁੰਮਦੇ ਹਨ।

ਬਣਾਵਟ ਸੋਚ ਤੇ ਹੋਸ਼ ਵੀ ਬਣਾਵਟ,
ਅਸਲ ਫੈਂਟਸੀ ਬਣ ਗਿਆ ਹੈ।
ਅਸਲ ਸੌਂਹੇਂ ਆਪਣਾ ਹੀ ਆਪਾ,
ਦੁਸ਼ਮਣ ਬਣਕੇ ਤਣ ਗਿਆ ਹੈ।

**ਸ਼ਬਦ ਸੰਕੇਤ**
ਸਪਰਮ : Sperm, ਮਰਦ-ਬੀਜ

# ਨਵਾਂ ਯੁੱਗ, ਨਵੀਂ ਮੁਹੱਬਤ :
# ਨਾਟ-ਸ਼ਾਲਾ ਦੀ ਲਘੂ ਦਾਸਤਾਨ

ਮੁਹੱਬਤ ਨੂੰ ਸੰਵਿਧਾਨਿਕ ਅਧਿਕਾਰ ਸਮਝਕੇ,
ਹਰ ਗਲੀ ਮੁਹੱਲੇ ਵਿੱਚ, ਗੇੜੇ ਮਾਰਦੇ ਰਹੇ।

ਕੁੜੀਆਂ ਦੀਆਂ ਗੁੱਡੀਆਂ ਬਣਾ,
ਹਰ ਨਵੇਂ ਅਸਮਾਨ,
ਸੁਫ਼ਨੇ ਚਾੜ੍ਹਦੇ ਰਹੇ।

ਇਹ ਭੁੱਲ ਗਏ ਕਿ ਮੁਹੱਬਤ ਦੇ ਨਾਲ,
ਕੁਝ ਹੋਰ ਸੰਕਲਪ ਵੀ ਜੁੜੇ ਹੋਏ ਹਨ :
ਪਰਤੱਖ ਤੋਂ ਪਾਰ ਦਾ ਰਿਸ਼ਤਾ,
ਉਸਦੀ ਪਹਿਚਾਣ।

ਪਰ ਅਸੀਂ ਤਾਂ, ਰਿਸ਼ਤਿਆਂ ਵਿੱਚ ਵੀ,
ਹਰ ਰਾਤ ਕੋਈ ਨਵੀਂ ਗੁੱਡੀ ਲੋਚਦੇ ਹਾਂ।

ਪਿਆਰ, ਮੁਹੱਬਤ, ਸਾਡੇ ਵਿਚਾਰ ਅਨੁਸਾਰ,
ਕੋਈ ਸਥੂਲ ਤੇ ਖੜੋਤੀ ਹੋਈ ਹਕੀਕਤ,
ਇਕਾਈ ਨਹੀਂ।

ਇਹ ਬੁੱਤਾਂ ਦੇ ਨਾਲ ਬਦਲਦੀ ਹਕੀਕਤ ਹੈ ...
ਇਕ ਫੁੱਲ ਤੋਂ ਦੂਜੇ, ਅਗਲੇ, ਅਗਲੇਰੇ ...
ਫੁੱਲ ਤੱਕ ਨਾ ਲਗਾਤਾਰ ਸਫ਼ਰ ਹੈ।

ਨਾਟ-ਸ਼ਾਲਾਂ ਵਿੱਚ,
ਨਾਟਕ-ਪਾਤਰਾਂ ਵਾਂਗ,
ਜਿਊਣਾ ਸੋਚਦੇ ਹਾਂ।
ਨਿਸਦਿਨ ਨਵੇਂ ਪਾਤਰਾਂ ਦੇ ਨਾਲ,
ਨਵਾਂ ਸ਼ੋ ਕਰਨਾ ਲੋਚਦੇ ਹਾਂ।

ਮੁਹੱਬਤ ਦੇ ਪੁਰਾਣੇ ਸੰਕਲਪ,
ਕੁੜੀਆਂ ਵਾਂਗ,
ਤੁਰਦੇ ਫਿਰਦੇ ਪਿੰਜਰੇ ਹਨ,
ਸਾਡੀ ਦਨੀਆਂ ਨਹੀਂ।

ਅਸੀਂ ਤਾਂ ਰਿਸ਼ਤਿਆਂ ਵਿੱਚ ਵੀ,
ਰਿਸ਼ਤਿਆਂ ਤੋਂ ਮੁਕਤ ਹੋਣਾ ਲੋਚਦੇ ਹਾਂ !!!

# ਇਸ਼ਤਿਹਾਰੀ ਮਹਿਬੂਬ :
# ਇਸ਼ਤਿਹਾਰੀ ਕਲਚਰ ਦੀ ਲਘੂ ਕਥਾ

ਮੈਨੂੰ ਜਿਸ ਮਹਿਬੂਬ ਦੀ ਤਲਾਸ਼ ਹੈ,
ਉਹ ਮੈਨੂੰ ਕਦੇ ਵੀ ਨਹੀਂ ਮਿਲੀ।

ਟੀ.ਵੀ. ਸੀਰੀਅਲ, ਤੇ
ਫ਼ਿਲਮਾਂ, ਇਸ਼ਤਿਹਾਰਾਂ ਵਿੱਚ,
ਜ਼ਰੂਰ ਮਿਲਦੀ ਹੈ।

ਦਿਲ-ਫਰੇਬ ਰੰਗਾਂ ਦੇ ਭੂਸ਼ਨ,
ਅੱਧ-ਨੰਗੇ, ਅੱਧ-ਕੱਜੇ ਜਿਸਮ,
ਅੱਖ-ਚੁੰਧਿਆਉਂਦੇ ਮੇਕ-ਅੱਪ,
ਅੰਗ, ਅੰਗ ਨਿਰਤ-ਮੁਦਰਾ,
ਕੰਠ: ਸੰਗੀਤ।

ਉਂਗਲੀ ਲਾ ਕੇ,
ਧਰਤ ਤੋਂ ਆਕਾਸ਼ ਤੱਕ,
ਲੈ ਜਾਣ ਵਾਲੀਆਂ ਅਦਾਵਾਂ।

ਸੱਤ-ਰੰਗੀਆਂ, ਬਦਲੀਆਂ,
ਸੂਰਜ ਦੀਆਂ ਸ਼ੁਆਵਾ।

ਆਪੇ ਸੁਣਾਂ ਤੇ ਆਪੇ ਗਾਵਾਂ।

ਮੈਂ ਤੋਂ ਮੈਂ ਤੱਕ ਤੁਰਾਂ ...
ਫੁੱਲ, ਫੁੱਲ, ਬਾਗ਼ ਬਾਗ਼ ਹੋ ਜਾਵਾਂ।

॥ ਰਹਾਓ ॥

ਫ਼ਿਲਮੀ ਸਪੈਸ਼ਲ ਈਫੈਕਟ :

ਲੀਰਾਂ ਦੀ ਗੁੱਡੀ ਨੂੰ ਪਰੀ ਬਣਾ ਦਿੱਤਾ।

ਇਕ ਸੁਫਨੇ ਦਾ ਸਥਾਈ ਰੂਪ,
ਮੇਰੇ ਦਿਲ, ਦਿਮਾਗ਼ ਵਿੱਚ ਬਿਠਾ ਦਿੱਤਾ।
ਕੰਪਿਊਟਰ ਨੇ ਕੀ ਦਾ ਕੀ ਵਿਖਾ ਦਿੱਤਾ !!!

ਦਸਤਕ,
ਹਾਂ, ਦਸਤਕ,
ਇਸ ਤਿਲਿਸਮ ਨੂੰ ਤੋੜ ਦਿੰਦੀ ਹੈ।

ਛਿਣ ਦੀ ਛਿਣ, ਮੈਨੂੰ
ਆਪਣੇ ਆਪ ਦੇ ਨਾਲ ਜੋੜ ਦਿੰਦੀ ਹੈ।

ਮੈਂ ਫਿਰ,
ਅਖ਼ਬਾਰਾਂ, ਰਿਸਾਲਿਆਂ ਤੇ ਟੀ.ਵੀ. ਦੀ,
ਇਸ਼ਤਿਹਾਰਬਾਜ਼ੀ ਦੀ ਫੈਂਟਸੀ ਵਿੱਚ,
ਘੁੰਮ ਰਿਹਾ ਹਾਂ।

ਸਿਨਮਾ-ਘਰਾਂ ਮੂਹਰੇ ਲੱਗੀਆਂ,
ਲੰਮੀਆਂ, ਲੰਮੀਆਂ ਕਤਾਰਾਂ ਵਿੱਚ,
ਗੁੰਮ ਰਿਹਾ ਹਾਂ !!!

ਮੈਨੂੰ ਜਿਸ ਮਹਿਬੂਬ ਦੀ ਤਲਾਸ਼ ਹੈ,
ਉਹ ਮੈਨੂੰ ਕਦੇ ਵੀ ਨਹੀ਼ ਮਿਲੀ !!!

**ਸ਼ਬਦ ਸੰਕੇਤ**
ਸ਼ੁਆਵਾਂ : ਕਿਰਨਾਂ
ਸਪੈਸ਼ਲ ਈਫੈਕਟ : ਵਿਸ਼ੇਸ਼ ਪ੍ਰਭਾਵ, Special Effect
ਤਿਲਿਸਮ : ਜਾਦੂ, Mesmerizing Effect
ਫੈਂਟਸੀ : Fantasy

# ਸੰਪੂਰਨਤਾ ਦੀ ਤਲਾਸ਼

ਹੁਣ ਵਿੱਚ ਭਲਕ ਦਾ ਚਿਹਰਾ ਦਿਸਦਾ,
ਹੁਣ ਵਿੱਚ ਨੇ ਕੱਲ੍ਹ ਦੇ ਪਰਛਾਵੇਂ।
ਇਹ ਉਹ ਘੜੀ ਤੇ ਇਹ ਉਹ ਸੰਗਮ,
ਪਹੁੰਚਣ, ਟਾਂਵੇਂ ਟਾਂਵੇਂ !!!

ਬੀਤ ਰਹੇ ਵਿੱਚ ਕੁਝ ਅਣਬੀਤਿਆ,
ਅਣਬੀਤੇ, ਕੁਝ ਬੀਤ ਰਿਹਾ।
ਬੀ, ਬੂਟਾ ਤੇ ਫੁੱਲ, ਫਲ, ਸੂਤਰ,
ਜੀਵਨ ਬਣ ਗਿਆ ਭਾਵੇਂ।

ਉੱਤਰੀ ਧਰੁੱਵ ’ਤੇ ਜੰਮਿਆਂ ਪਾਣੀ,
ਏਥੇ ਵੱਸਦਾ ਮੋਹਲੇਧਾਰ।
ਭਾਫ਼ਾਂ, ਬੱਦਲ ਅਤੇ ਸੁਨਾਮੀਂ,
ਪਾਣੀ ਦੇ ਹੀ ਨਾਮ ਨੇ ਸਾਂਵੇਂ।

ਫੁੱਲ ਤੇ ਸੂਲਾਂ, ਅਰਥ ਨੇ ਵੱਖਰੇ,
’ਕੱਠੀਆਂ ਪਰ ਬਹਾਰਾਂ।
ਮੌਸਮ ਆਵਣ ਜਾਵਣ ਏਥੇ,
ਸਮਾਂ ਨਿਰੰਤਰ, ਥਿਰ ਹਰ ਥਾਵੇਂ।

ਸੂਰਜ ਦੇ ਨਾਲ, ਸੂਰਜ ਬਣੀਏ,
ਚੰਦ, ਸਿਤਾਰੇ, ਅੱਖਾਂ ਦੇ ਵਿੱਚ–

ਪਿੰਡ ਵਿੱਚ ਹੀ ਬ੍ਰਹਮੰਡ ਭੋਗੀਏ,
ਬੈਠੀਏ ਆਪਣੀ ਛਾਵੇਂ।

ਮਿਸਰ, ਹੜੱਪਾ, ਪੁਸਤਕਾਂ ਦੇ ਵਿੱਚ :
ਧੜਕ ਪਏ ਰੰਗ ਸਾਰੇ।
ਬੀਤ ਬੀਤ ਕੇ ਅਸੀਂ ਵੀ ਝੜੀਏ,
ਥਾਵੇਂ, ਹੋਣ ਨਿਥਾਵੇਂ।

ਵਕਤ ਕਦੇ ਪੈਦਲ ਚੱਲਦਾ ਸੀ,
ਥਿਰ ਨੇ ਸੂਰਜ, ਬ੍ਰਹਮੰਡ, ਤਾਰੇ।
ਕੰਪਿਊਟਰ ਵਿੱਚ ਸਿਮਟੇ ਹੁਣ ਸਭ,
ਬਦਲੇ ਮੁੱਲ, ਵਿਧਾਨ ਨੇ ਭਾਵੇਂ।

'ਹੁਣ', 'ਕੱਲ੍ਹ', 'ਭਲਕ' ਤਾਂ ਫ਼ਰਜ਼ੀ ਲੀਕਾਂ,
ਵੰਡੀਆਂ ਜਾਣ ਨਾ ਪੌਣਾਂ।
ਮਹਿਕਾਂ 'ਤੇ ਫੁੱਲਾਂ ਦੀ ਯਾਰੀ,
ਸਾਹ, ਨਜ਼ਰ ਵਿੱਚ, ਸਿਮਟੇ ਭਾਵੇਂ।

ਆਪੇ ਹਵਾ, ਉਡਾਰੀ ਆਪੇ,
ਆਪਣੇ ਹੀ ਵਿਰੋਧ 'ਚ ਉੱਡੀਏ,
ਉੱਚੇ ਤੋਂ ਉੱਚਾ ਉੱਠਣ ਲਈ,
ਆਪਣੀ ਧੁੱਪ ਹੀ, ਆਪਣੀ ਛਾਵੇਂ।

ਕਿਸਦਾ ਸਾਥ ? ਵਿਰੋਧ ਕੇਸ ਦਾ ?
ਕਿਸਦਾ ਟੁੱਟਣਾ ? ਕਿਸਦਾ ਜੁੜਨਾ ?
ਆਪੇ 'ਚੋਂ ਸੰਪੂਰਨ ਆਪਾ,
ਪਾਵਣ ਟਾਵੇਂ ਟਾਵੇਂ !!!

**ਸ਼ਬਦ ਸੰਕੇਤ**

ਸੰਪੂਰਨਤਾ : Perfection, ਪੂਰਨਤਾ
ਸੂਤਰ : Formula

# ਕਿਵਾੜ ਬੰਦ ਕਰਕੇ ...

ਕਿਵਾੜ ਬੰਦ ਕਰਕੇ,
ਉਹ ਸੋਚਦਾ ਹੈ, ਕਿ
ਉਹ ਦੁਨੀਆ ਨਾਲ਼ੋਂ ਟੁੱਟ ਗਿਆ ਹੈ।
ਉਸਦੇ ਸਾਰੇ ਕਸ਼ਟ ਕੱਟੇ ਗਏ ਹਨ !

ਕਿਵਾੜ ਬੰਦ ਕੀਤਿਆਂ,
ਨਾ ਜ਼ਿੰਦਗੀ ਨਾਲ਼ੋਂ ਟੁੱਟ ਹੁੰਦਾ ਹੈ,
ਨਾ ਹੀ ਕਸ਼ਟ ਕੱਟੇ ਜਾਂਦੇ ਹਨ।

ਹਵਾ ਤੇ ਦਰਿਆ,
ਉਵੇਂ ਹੀ ਵਗਦੇ ਰਹਿੰਦੇ ਹਨ।

ਸੂਰਜ, ਚੰਦ, ਸਿਤਾਰੇ,
ਪਰਬਤ, ਆਕਾਸ਼, ਸਾਗਰ, ਸਭ
ਆਪੋ ਆਪਣੇ ਵਜੂਦ ਵਿੱਚ ਰਹਿੰਦੇ ਹਨ।

ਘਟਾਵਾਂ ਚੜ੍ਹਦੀਆਂ, ਬਿਜਲੀਆਂ ਲਿਸ਼ਕਦੀਆਂ-
ਭੁਚਾਲ਼, ਸੁਨਾਮੀਆਂ ਤੇ ਦਾਵਾਨਲ, ਸਭ
ਏਥੇ ਹੀ ਰਹਿੰਦੇ ਹਨ,
ਆਪੋ ਆਪਣੇ ਰੰਗ,
ਆਪੋ ਆਪਣੇ ਰੂਪ ਵਿੱਚ।

ਕਿਵਾੜ ਬੰਦ ਕੀਤਿਆਂ,
ਯੁੱਧ ਆਰੰਭ ਹੁੰਦਾ ਹੈ,
ਆਪਣੇ ਆਪ ਨਾਲ !

ਮੈਂ ਤੇ ਮੈਂ ਦਾ,
ਪਿੰਡ ਤੇ ਬ੍ਰਹਮੰਡ ਦਾ,
ਸੰਵਾਦ ਸ਼ੁਰੂ ਹੁੰਦਾ ਹੈ 1

ਮਨ ਵਿੱਚ ਡੂੰਘੀਆਂ ਚੁੱਭੀਆਂ ਲੱਗਦੀਆਂ,
ਮਨਬਚਨੀਆਂ ਦੀ ਰੁੱਤ ਆਉਂਦੀ ਹੈ !

ਕਿਵਾੜ ਬੰਦ ਕਰਕੇ ਹੀ ਕੋਈ,
ਗੌਤਮ ਤੋਂ *ਬੁੱਧ ਬਣਦਾ,
ਤੇ ਮੁੜ,
ਜ਼ਿੰਦਗੀ ਵੱਲਾਂ ਪਰਤਦਾ ਹੈ !!!

ਕਿਵਾੜ ਬੰਦ ਕਰਕੇ ਹੀ ...

**ਸ਼ਬਦ ਸੰਕੇਤ**

* ਬੁੱਧ : ਮਹਾਤਮਾ ਬੁੱਧ

## ਤੁਰਦੇ ਫਿਰਦੇ ਸਿਫਰੇ

ਬੇਸਿਰੇ ਸਿਰ ਵੇਚਣ ਆਏ ਹਨ,
ਟੋਕਰੀ ਵਿੱਚ ਆਪਣੇ ਹੀ,
ਮਖੌਟੇ ਚੁੱਕ ਲਿਆਏ ਹਨ !

ਮਸ਼ੀਨੀ ਯੁੱਗ ਹੈ।

ਕੰਪਿਊਟਰ ਤੇ ਮੋਬਾਈਲ ਉੱਤੇ,
ਉਂਗਲਾਂ ਚੱਲਦੀਆਂ ਹਨ।
ਜਿੰਨਾਂ ਕੁ ਤੁਹਾਡਾ ਵਿਸ਼ਵ ਹੈ,
ਸਕਰੀਨ 'ਤੇ, ਖ਼ੁਦ ਬਖ਼ੁਦ,
ਖੁੱਲ੍ਹ ਜਾਂਦਾ ਹੈ।

ਸਿਰਾਂ ਵਾਲੇ,
ਸੋਚ ਸਣੇ ਗ਼ਾਇਬ ਹਨ !

ਸਾਧਾਰਨ ਮਾਨਵ,
ਭੀੜ ਵਿੱਚ ਰੁਲ਼ ਜਾਂਦਾ ਹੈ।

ਬੇਸਿਰੇ, ਬੇਚਿਹਰਾ ਮਾਨਵ ਦੀ,
ਕੋਈ ਪਹਿਚਾਣ ਨਹੀਂ ਹੁੰਦੀ।

ਇਸ ਯੁੱਗ ਵਿੱਚ,
ਮਸ਼ੀਨੀ ਤੋਰ,
ਉਂਗਲਾਂ ਤੁਰਦੀਆਂ ਹਨ।

ਕੰਪਿਊਟਰ ਸੋਚਦਾ ਹੈ,
ਕੰਪਿਊਟਰ ਲਿਖਦਾ,
ਕੰਪਿਊਟਰ ਪੜ੍ਹਦਾ ਹੈ !

ਕੰਪਿਊਟਰ ਸੁਣਦਾ,
ਕੰਪਿਊਟਰ ਬੋਲਦਾ ਹੈ।

ਹੌਲੀ ਹੌਲੀ ਮਾਨਵ,
ਗ਼ੈਰ-ਜ਼ਰੂਰੀ ਵਸਤ ਬਣਦਾ ਜਾ ਰਿਹਾ !

ਸਿਫ਼ਰ ਵਿੱਚ ਅੰਕ ਸਮਾ ਰਿਹਾ !!!

## ਸ਼ਬਦ-ਖੇਡ : ਅਰਥ-ਟਾਪੂ

ਮੇਰਾ ਤਾਂ ਇਸ ਵਿੱਚ ਕੁਝ ਨਹੀਂ,
ਇਹ ਹੈ ਹਵਾ ਦਾ ਕਮਾਲ !
ਜੀ ਕਰੇ, ਖ਼ੁਸ਼ਬੂ ਬਣੇ,
ਜਾਂ ਤੁਰੇ ਝੱਖੜ ਦੀ ਚਾਲ !

ਮੁਹੱਬਤ ਵੀ ਦਿਲ ਦਾ ਵਹਿਮ ਸੀ,
ਆਰਥਿਕ ਤੰਗੀ ਦੇ ਹੱਥੋਂ,
ਹੋ ਰਹੇ ਆਸ਼ਿਕ ਬੇਹਾਲ।

ਵੰਡ ਛਕਣ ਦਾ ਵੀ ਇਹ
ਯੁੱਗ ਨਹੀਂ ਹੈ ਦੋਸਤੋ,
ਕੱਲੇ ਨੂੰ ਇਕੱਲ ਦੀ,
ਰਹਿੰਦੀ ਹੈ ਭਾਲ !

ਭੀੜ ਵਿੱਚ ਦਮ ਘੁੱਟਦਾ,
ਛੁਪ ਗਿਆ ਅਸਤਿਤਵ ਵੀ !
'ਇਕ' ਅੱਲਾ, 'ਇਕ' ਬੁੱਧ,
'ਇਕ' ਦਾ ਜਾਹੋ ਜਲਾਲ !

ਅੱਗ ਅੰਦਰ ਬਾਹਰ, 'ਨ੍ਹੇਰੇ,
ਕੀ ਕਰਾਂ ?
ਮਹਿਕ ਵਾਗੂੰ ਖੁੱਲ੍ਹਕੇ ਬਣ ਜਾਂ ਮਸ਼ਾਲ !

ਅੱਖ 'ਚ ਤਾਰੇ, ਚੰਦ, ਸੂਰਜ, ਅਰਥ ਮੇਰੇ,
ਜੁੜਦਿਆਂ ਅੱਖਰਾਂ 'ਚ ਸ਼ਬਦਾਂ ਦਾ ਕਮਾਲ !

ਤਵਾਰੀਖ ਵਿੱਚ ਹੋਂਵਦਾ,
ਸ਼ਾਹ ਸਿਕੰਦਰ ਦਾ ਉਛਾਲ !
ਇੰਤਿਹਾ ਜਦ ਦੇਵੇਂ ਭੁਆਂਟੀ,
ਤਾਜ ਤਖਤ ਬਣਦੇ ਜ਼ਵਾਲ।

ਜਿਊਣਾ ਹੀ ਜੀਵਨ ਹੈ,
ਇਸਦਾ ਫ਼ਲਸਫ਼ਾ,
ਜਿੰਨਾ ਤੁਰੇ,
ਹੈ ਫ਼ਾਸਲਾ, ਓਨਾ ਹੀ ਨਾਲ !

ਸੂਰਜ ਥਿਰ,
ਪਰ ਤੋਰਦਾ ਹੈ ਨੂਰ ਸਭ ਨੂੰ !
ਕੱਲਾ ਵਜੂਦ,
ਕਾਫ਼ਲਾ ਬਣਦਾ ਜਦੋਂ,
ਹੁੰਦਾ ਕਮਾਲ !

ਰਾਹ ਵਿੱਚੋਂ ਰਾਹ ਨਿਕਲੇ,
ਘੇਰ 'ਚੋਂ ਨਿਕਲੇ ਘਿਰਾਓ।
ਵਿਕਾਸ ਸੰਗ ਵਿਨਾਸ਼ ਵੀ,
ਚੱਲ ਰਿਹਾ ਹੈ ਨਾਲ ਨਾਲ।

ਗ਼ਜ਼ਲ ਦੀ ਬੰਦਿਸ਼ ਕਿਤੇ,
ਤੇ ਕਿਤੇ ਖੁੱਲ੍ਹੇ ਖਿਆਲ।
ਮਾਂਜੇ ਸੰਵਾਰੇ ਰੂਪ ਕੋਈ,
ਫ਼ਲਸਫ਼ਾ ਕਿਸੇ ਦੀ ਢਾਲ।

ਗਿਆਨ ਵਾਂਗੂੰ ਹੁਨਰ ਦੇ ਵੀ ਰੂਪ ਕਈ,
ਹੁਨਰ ਕਾਦਰ, ਹੁਨਰ ਕੁਦਰਤ,
ਹੁਨਰ ਰਚਨਾ ਦਾ ਭਿਆਲ਼।

ਡਿਗਣਾ ਤੇ ਉੱਠਣਾ,
ਖੇਡ ਹੈ ਸ਼ਤਰੰਜ ਦੀ।
ਟੁੱਟਣ, ਜੁੜਨ ਤੇ ਫੇਰ ਟੁੱਟਣ ਵਿੱਚ ਹੀ,
ਜੀਵਨ ਦੀ ਭਾਲ !!!

**ਸ਼ਬਦ ਸੰਕੇਤ**

ਜ਼ਵਾਲ : ਪੱਤਣ, Fall
ਭੁਆਂਟੀ : ਭੁਆਂਟਣੀ, ਘੁਮੇਟਾ, ਚੱਕਰ, ਉਲਟਬਾਜ਼ੀ, Turn Around

## ਸਾਡਾ ਕਿੱਸਾ

ਭੱਜੇ ਜਾਂਦੇ ਸਮੇਂ ਵਿੱਚ,
ਮੈਂ ਖਲੋ ਗਿਆ !
ਚੌਕ ਵਿੱਚ ਸਾਰਾ ਟ੍ਰੈਫ਼ਿਕ,
ਜਾਮ ਹੋ ਗਿਆ !

ਹਵਾ ਦੇ ਬੁੱਲੇ ਦੀ ਵੀ ਆਪਣੀ ਕਥਾ,
ਖੁੱਲ੍ਹਿਆ ਖਿੜਕੀ ਦੇ ਵਾਂਗ,
ਬੰਦ ਹੋਇਆ,
ਦਰ ਹੋ ਗਿਆ !

ਪਾਣੀ ’ਚ ਤੈਰਦੇ ਆਕਾਸ਼,
ਚੰਨ, ਸੂਰਜ ਤੇ ਸਿਤਾਰੇ !
ਅੱਖ ਵਿੱਚ ਲਟਕਦਾ ਅੱਥਰੂ,
ਪਲਕ ਹੇਠ, ਸਾਗਰ ਹੋ ਗਿਆ !

ਸੁੰਦਰਤਾ ਚਿਹਰਾ ਨਹੀਂ,
ਸੁਹਜ ਦੀ ਪਛਾਣ ਹੈ !
ਮੇਰੀ ਨਜ਼ਰ ਜੁ ਦੇਖਿਆ,
ਉਹ,
ਸੁਹੱਪਣ ਹੋ ਗਿਆ !

ਸਾਡੇ ਕਿੱਸੇ ਵਿੱਚ ਸਮੇਂ ਨੇ,
ਆਪਣੇ ਕਿੱਸੇ ਫੈਲਾਏ,
ਸਾਡਾ ਕਿੱਸਾ ਪਿੰਡ ਤੋਂ,
ਬ੍ਰਹਮੰਡ ਹੋ ਗਿਆ !!!

## ਸਫਰ ਦਾ ਖਿਆਲ: ਇਕ ਫੈਂਟਸੀ

ਜੀ ਕਰਦਾ ਹੈ, ਸਾਰੇ ਕੱਪੜੇ ਲਾਹ,
ਵਗਾਹ ਮਾਰਾਂ ਤੇ
ਤਰਨ-ਤਲਾ ਵਿੱਚ ਛਾਲ਼ ਮਾਰ ਦੇਵਾਂ !

ਇਹ ਛੋਟਾ ਜਿਹਾ ਤਲਾ ਹੀ,
ਮੇਰਾ ਸਮੁੰਦਰ ਹੈ ...
ਦੇਸ਼ਾਂ, ਦੀਪਾਂ ਨੂੰ ਜੋੜਦਾ !

ਮੇਰੇ ਅੰਦਰ ਹੈਮਿੰਗਵੇ ਹੀ ਨਹੀਂ,
ਕੈਸਾਨੋਵਾ ਵੀ ਹੈ !

ਮੈਂ ਬਹੁਤ ਸਫਰ ਕਰਨਾ ਹੈ ਅਜੇ,
ਕਈ ਬੰਦਰਗਾਹਾਂ 'ਚੋਂ ਗੁਜ਼ਰਨਾ ਹੈ,
ਹੁਸਨ-ਦਰ-ਹੁਸਨ ਦੇ ਮਧੁਰ ਨਗ਼ਮੇਂ,
ਸੁਣਾਈ ਦਿੰਦੇ ਹਨ, ਲੂੰ ਲੂੰ ਮਾਖਿਓਂ !

ਸੱਤਰੰਗੀਆਂ ਵਿੱਚੋਂ ਝਾਕਦੀਆਂ,
ਮਹਿਬੂਬ ਨਜ਼ਰਾਂ, ਮੇਰੇ ਸਮੁੰਦਰ ਨੂੰ,
ਬ੍ਰਹਮੰਡ ਵਾਂਗ, ਫੈਲਾ ਦਿੰਦੀਆਂ ਹਨ !
ਮੈਨੂੰ, ਇੱਕੋ ਸਮੇਂ ਧਰਤੀ, ਸਮੁੰਦਰ
ਤੇ ਆਕਾਸ਼ ਬਣਾ ਦਿੰਦੀਆਂ ਹਨ !

ਮੁਹੱਬਤ ਦਾ ਅਹਿਸਾਸ ਹੀ,
ਮੁਹੱਬਤ ਦੀ ਪ੍ਰਾਪਤੀ ਹੈ !

ਬਾਕੀ ਤਾਂ ਰਾਹ ਹਨ, ਪੈਂਡੇ ਹਨ,
ਸਮੁੰਦਰ ਹਨ, ਬਾਦਬਾਨ ਤਣੇ ਹੋਏ !

ਸਫਰ ਦਾ ਖਿਆਲ ਹੀ, ਮੇਰਾ ਸਫਰ ਹੈ !
ਮੈਂ ਸਿਰਫ ਮੁਹੱਬਤ ਕਰਦਾ ਹਾਂ !!!

## ਰੂਪ ਅਰੂਪ

ਇਹ ਰੇਖਾ ਨਜ਼ਰ ਵਿੱਚ ਹੁੰਦੀ ਹੋਈ ਵੀ,
ਨਜ਼ਰ ਨੂੰ ਨਜ਼ਰ ਨਹੀਂ ਆਉਂਦੀ,
ਚੁੱਪ ਚੁਪੀਤੀ ਐਕਸ-ਰੇ ਵਾਂਗ,
ਮੁੱਖਾਂ ਮਖੌਟਿਆਂ ਤੋਂ ਪਾਰ ਲੰਘ ਜਾਂਦੀ ਹੈ।

ਕੁਦਰਤ ਵਿੱਚ ਹੀ ਕੁਦਰਤ ਦਾ ਜਨਮ ਹੈ,
ਕੁਦਰਤ ਵਿੱਚ ਹੀ ਕੁਦਰਤ ਦੀ ਮੌਤ।

ਲੋਅ ਵਿੱਚ 'ਨ੍ਹੇਰ ਦੀ ਵਿਥਿਆ,
'ਨ੍ਹੇਰ ਵਿੱਚ ਲੋਅ ਦੀ ਬੁਝਾਰਤ।

ਸੋਚ ਵਿੱਚ ਦਰਸ਼ਨਾਂ ਦਾ ਸਿਲਸਿਲਾ ਹੈ,
ਦ੍ਰਿਸ਼ਟੀ ਵਿੱਚ ਕੋਨ ਪ੍ਰਤੀਕੋਨ।

ਅੱਜ ਦੇ ਅੱਖਰ, ਸ਼ਬਦ ਬਣ, ਕਦੋਂ
ਅਰਥ ਬਣਦੇ, ਯੁੱਗ ਜਣਦੇ,
ਸਮਝ ਨਹੀਂ ਆਉਂਦੀ ...

ਤੇ ਫਿਰ, ਸਮੇਂ ਨਾਲ, ਸਮੇਂ ਵਿੱਚ,
ਅਭੇਦ, ਅਲੋਪ ਹੋ ਜਾਂਦੇ ਹਨ,
ਆਪਮੁਹਾਰਾ ਹੀ-
ਸ਼ਾਇਦ,
ਬਰਬਾਦੀਆਂ ਵਿੱਚ ਹੀ ਆਬਾਦੀਆਂ ਦੇ ਬੀਜ ਹਨ !!!

ਇਹ ਉਹ ਸਮਾਂ ਹੈ, ਜਦੋਂ
ਅੰਬਰ, ਪਰਬਤਾਂ ਨਾਲ ਖਹਿ ਜਾਂਦਾ ਹੈ।

ਸਮੇਂ ’ਚੋਂ ਪੁੰਗਰਦਾ, ਹੋਰ ਸਮਾਂ,
ਨਿਰੰਤਰ ਸਹਿਜ ਤੇ ਸੁਹਜ ਦੀ ਬਾਤ ਪਾਉਂਦਾ ਹੈ।

ਜੋ ਹੁਣ ਤੱਕ ਕਿਸੇ ਨੇ ਨਹੀਂ ਬਣਾਈ,
ਨਹੀਂ ਸੁਣਾਈ,
ਉਹ ਧੁਨ ਬਣਾਉਂਦਾ ਹੈ !!!

ਐਸੇ ਸਮੇਂ ਹੀ, ਸਾਰੇ ਦਾ ਸਾਰਾ ਸਾਗਰ,
ਉੱਡ ਜਾਂਦਾ ਹੈ ਘਟਾ ਬਣਕੇ,
ਅਸਮਾਨ ਕੱਜ ਲੈਂਦਾ,
ਸੱਤ-ਰੰਗੀਆਂ ਚੜ੍ਹਾਉਂਦਾ ਹੈ।
ਅੰਬਰ ਤਾਲ ਦੇਂਦਾ,
ਤਾਰਾ-ਮੰਡਲ ਗਾਉਂਦਾ ਹੈ।

ਸ਼ਬਦ, ਨਿਰੰਤਰ,
ਕਲਪਨਾ, ਸੋਚ, ਦ੍ਰਿਸ਼ਟੀਆਂ,
ਅੰਤਰ-ਦ੍ਰਿਸ਼ਟੀਆਂ ਨਾਲ,
ਸੰਬਾਦ ਰਚਾਉਂਦਾ ਹੈ।

ਇਸ ਪਾਰ ਨੂੰ,
ਉਹ ਪਾਰ ਵਿਖਾਉਂਦਾ ਹੈ !!!

ਮਾਨਵ, ਇਕ ਮਹਾਨ ਕੋਸ਼ ਹੈ,
ਵਰਤੋਂ ’ਚ, ਮਰ ਰਹੇ ਸ਼ਬਦ ਵੀ,
ਸਲਾਮਤ ਰਹਿੰਦੇ ਹਨ, ਸਾਂਭੇ ਹੋਏ,
ਹੋਰ ਸ਼ਬਦਾਂ ਨੂੰ ਜਨਮ ਦੇ ਰਹੇ !!!

ਸਰਲ ਜਿਹੇ ਪਿੰਡ ਤੇ ਬ੍ਰਹਮੰਡ ਨੂੰ,
ਸ਼ਬਦ ਨੇ ਕੀ ਦਾ ਕੀ ਬਣਾ ਦਿੱਤਾ।

ਮੁੰਦਰੀ ਦੇ ਵਿੱਚੋਂ ਹੀ,
ਰੇਸ਼ਮ ਦਾ,
ਨਾ ਖਤਮ ਹੋਣ ਵਾਲਾ,
ਥਾਨ ਲੰਘਾ ਦਿੱਤਾ !!!

ਬਿੰਦੂ ਵਿੱਚ, ਦਾਇਰੇ ਦਾ,
ਭੇਦ ਸਮਝਾ ਦਿੱਤਾ।
ਰੂਪ ਵਿੱਚ, ਅਰੂਪ ਸਮਾ ਦਿੱਤਾ।

ਵਾਰੀ ਸਿਰ,
ਸਮੇਂ ਦੇ ਇਤਿਹਾਸ ਵਿੱਚ,
ਮੈਂ ਵੀ ਆਪਣੀ ਬਾਤ ਪਾਈ ਹੈ।
ਨਜ਼ਰ ਨੂੰ ਨਜ਼ਰ,
ਨਜ਼ਰ ਆਈ ਹੈ !!!

ਇਹ ਰੇਖਾ, ਨਜ਼ਰ ਵਿੱਚ ਹੁੰਦੀ ਹੋਈ ਵੀ,
ਨਜ਼ਰ ਨੂੰ ਨਜ਼ਰ ਨਹੀਂ ਆਉਂਦੀ।
ਚੁੱਪ ਚੁਪੀਤੇ ਹੀ, ਐਕਸ-ਰੇ ਵਾਂਗ,
ਮੁੱਖਾਂ ਮਖੌਟਿਆਂ ਤੋਂ ਪਾਰ ਲੰਘ ਜਾਂਦੀ ਹੈ !!!

# ਅਗਨੀ ਦੇ ਰੰਗ

ਸ਼ੀਸ਼ੇ ਉਠਾ ਕੇ ਤੁਰ ਪਏ,
ਪੱਥਰਾਂ ਦੇ ਨਾਲ ਨਾਲ।
ਫੁੱਲ ਨਹੀਂ, ਗੁਲਸ਼ਨ ਨਹੀਂ,
ਕੰਡਿਆਂ ਦੇ ਨਾਲ ਨਾਲ।

ਟੁੱਟਣਾ ਅਸਾਡਾ ਕਰਮ ਹੈ,
ਹੈ ਕੰਮ ਉਨ੍ਹਾਂ ਦਾ ਤੋੜਨਾ–
ਅਰਥਾਂ ’ਚ ਜੰਗ ਛਿੜ ਪਈ,
ਸ਼ਬਦਾਂ ਦੇ ਨਾਲ ਨਾਲ।

ਦਰਿਆ ਵੀ ਹੈ, ਪਾਣੀ ਵੀ ਹੈ
ਤੇ ਹਰ ਤਰਫ਼ *ਜਵਾਰ–
ਵੱਸਣ ਤੇ ਉੱਜੜਨ ਦੇ ਰਹੇ,
ਦਸਤੂਰ ਨਾਲ ਨਾਲ।

ਬੱਦਲ਼ਾਂ ’ਚੋਂ ਬਰਸਣ ਸੱਤ ਰੰਗ,
ਬੱਦਲ਼ਾਂ ’ਚੋਂ ਬਰਸਣ ਬਿਜਲੀਆਂ–
ਅਗਨੀ ਅਸਾਡੀ ਜਲ ਰਹੀ,
ਰੰਗਾਂ ਦੇ ਨਾਲ ਨਾਲ।

**ਸ਼ਬਦ ਸੰਕੇਤ**

ਜਵਾਰ : ਜਵਾਰ ਭਾਟਾ

## ਸਹਿਜ ਤੇ ਸੰਤੁਲਨ

ਆਪਣਾ ਸੇਕ ਠਾਰਨ ਲਈ, ਸਾਗਰ
ਹੌਲੀ ਹੌਲੀ ਉੱਡਦਾ ਰਹਿੰਦਾ ਹੈ ਸਦਾ,
ਭਾਫ਼, ਬੱਦਲ, ਘਟਾ ਬਣਕੇ !

ਘਟਾ ਚਾਹਵੇ ਵੀ,ਤਾਂ
ਸਾਰੇ ਦਾ ਸਾਰਾ ਸੂਰਜ,
ਖਾ,
ਖਪਾ ਨਹੀਂ ਸਕਦੀ।

ਜ਼ਿੰਦਗੀ ਤੇ ਕੁਦਰਤ,
ਅੱਤਾਂ ਦਾ ਸੰਗ੍ਰਹਿ ਹਨ ਕੀ
ਖੇਡ ਅੱਤਾਂ ਦੀ ???

ਜ਼ਿੰਦਗੀ ਤੇ ਮੌਤ ਵਿਚਕਾਰ,
ਵਿਚਰਦੀ, ਸੋਚ,
ਸਹਿਜ ਤੇ ਸੰਤੁਲਨ ਭਾਲਦੀ ਹੈ !

ਆਪਣੇ ਉੱਤੇ ਘਟਣ ਵਾਲੀ,
ਹਰ ਹੋਣੀ, ਅਨਹੋਣੀ ਟਾਲਦੀ ਹੈ !!!

# ਮੇਰੇ ਹਿੱਸੇ ਦਾ ਦਰਿਆ

ਸਮਾਂ ਟਿਕਟਿਕੀ ਬੰਨ੍ਹਕੇ
ਵੇਖਦਾ ਰਿਹਾ

ਤੇ ਅਸੀਂ

ਬੜੀ ਤੇਜ਼ੀ ਨਾਲ ਬੀਤਦੇ ਰਹੇ।

ਉਤਾਰਾਂ ਚੜ੍ਹਾਵਾਂ ’ਚੋਂ ਲੰਘਦੇ,
ਫੁੱਲਾਂ ਵਿੱਚ ਮਹਿਕਾਂ ਵਾਂਗ ਵਿਚਰਦੇ-
ਕੰਡਿਆਂ ਦੇ ਬਿਸਤਰ ’ਤੇ ਕਦੇ
ਬੱਦਲਾਂ ਨੂੰ ਚੁੰਮਦੇ,
ਸੱਤ-ਰੰਗੀਆਂ ਨੂੰ,
ਗਲਵਕੜੀ ’ਚ ਪਕੜਨ ਦਾ,
ਭਰਮ ਪਾਲਦੇ,
ਦਰਿਆ ਬਣਦੇ, ਅਸੀਂ
ਸਮੁੰਦਰ ਵਲਾਂ ਵਹਿੰਦੇ ਰਹੇ।

ਮੈਨੂੰ ਪਤਾ ਹੈ, ਕਿ
ਇਕ ਦਰਿਆ ਵਿੱਚ,
ਕਈ ਦਰਿਆ ਹੁੰਦੇ ਹਨ।

ਹੁਣ ਸਮਾਂ,
ਅੱਗੇ, ਪਿੱਛੇ, ਸੱਜੇ, ਖੱਬੇ,
ਦੇਖਣ ਦਾ ਨਹੀਂ।

ਸਾਗਰ,
ਅੱਖ-ਝਪਕੇ ਦੀ ਵਿੱਥ 'ਤੇ ਹੈ।

ਬੂੰਦ ਬੂੰਦ,
ਸਾਗਰ ਬਣ ਰਿਹਾ,
ਮੇਰੇ ਹਿੱਸੇ ਦਾ ਦਰਿਆ,
ਸਮੁੰਦਰ ਵਿੱਚ ਫ਼ਨਾਹ ਹੋ ਰਿਹਾ ਹੈ।

ਸਹਿਜ ਵਿੱਚ ਹੀ,
ਸੁਹਜ ਹੈ, ਮੌਤ ਦਾ !!!

ਅਸਤਿਤਵ ਵੀ ਹੁਣ,
ਸ਼ੂਨਯ ਵਿੱਚ,
ਸਹਿਜ ਸਮਾ ਰਿਹਾ ਹੈ।

ਇਕ ਦਿਨ ਆ ਰਿਹਾ,
ਤੇ
ਇਕ ਦਿਨ ਜਾ ਰਿਹਾ ਹੈ !!!

ਸਮਾਂ ਟਿਕਟਿਕੀ ਬੰਨ੍ਹਕੇ
ਵੇਖਦਾ ਰਿਹਾ

ਤੇ ਅਸੀਂ

ਬੜੀ ਤੇਜ਼ੀ ਨਾਲ,
ਬੀਤਦੇ ਰਹੇ !!!

## ਗੁਮਸ਼ੁਦਾ ਦੀ ਤਲਾਸ਼

ਦਸਤਕ ਦਿੰਦਾ ਹਾਂ,
ਦਰਵਾਜ਼ਾ ਨਹੀਂ ਖੁੱਲ੍ਹਦਾ।

ਆਵਾਜ਼ ਦਿੰਦਾ ਹਾਂ,
ਹੁੰਗਾਰਾ ਨਹੀਂ ਸੁਣਦਾ।

ਫ਼ੋਨ ਚੁੱਕਦਾ ਹਾਂ,
'ਬਿਜ਼ੀ ਟੋਨ',
ਟੇਪ ਕੀਤੀ,
ਆਵਾਜ਼ ਸੁਣਦੀ ਹੈ।

ਮੇਰੀ ਈਮੇਲ ਵੀ ਸ਼ਾਇਦ,
ਸਿੱਧੀ 'ਜੰਕ', 'ਸਪੈਮ' ਜਾਂ
'ਟਰੈਸ਼' ਵਿੱਚ ਜਾ ਡਿਗਦੀ ਹੈ।

ਪਲ, ਪਲ, ਛਿਣ, ਛਿਣ,
ਜ਼ਿੰਦਗੀ 'ਜ਼ਾਇਆ' ਹੋ ਰਹੀ ਹੈ।

ਕੰਪਿਊਟਰ ਯੁੱਗ ਵਿੱਚ,

ਵਿਅਕਤੀ,
ਇਕ-ਪਾਤਰੀ ਨਾਟਕ ...

ਤੇ ਸੰਵਾਦ,

'ਏਕਾਲਾਪ' ਬਣ ਗਿਆ ਹੈ।

ਜ਼ਿੰਦਗੀ 'ਚੋਂ ਜ਼ਿੰਦਗੀ,
ਗ਼ਾਇਬ ਹੈ ...

ਮੌਸਮ ਜ਼ਰੂਰ ਬਦਲਦੇ ਹਨ,
ਇਨਸਾਨ ਕਦੋਂ ਬਦਲੇਗਾ ???

**ਸ਼ਬਦ ਸੰਕੇਤ**
ਬਿਜ਼ੀ ਟੋਨ : Busy Tone
ਜੰਕ : Junk
ਸਪੈਮ : Spam
ਜ਼ਾਇਆ : Waste, ਅਜਾਈਂ ਜਾ ਰਹੀ
ਇਕ-ਪਾਤਰੀ ਨਾਟਕ : Monodrama, ਇਕ-ਪਾਤਰ ਵਾਲਾ ਨਾਟਕ
ਏਕਾਲਾਪ : Monologue, ਸਵੈ-ਸੰਵਾਦ

# ਇਤਿਹਾਸ ਦਾ ਪੁਨਰ-ਪਾਠ

ਸਮਾਜਵਾਦੀ ਦੇਸ਼ ਵੀ,
ਚੋਲਾ ਬਦਲ ਰਹੇ ਹਨ।
ਮਾਰਕਸਵਾਦੀ ਵੀ ਹੁਣ,
ਪੂੰਜੀਵਾਦੀ ਬਣ ਰਹੇ ਹਨ।

ਚੀਨ ਨੇ,
ਪੂਰਾ ਤਿੱਬਤ, ਤੇ
ਭਾਰਤ ਦੇ ਕੁਝ ਹਿੱਸੇ,
ਖਪਾ ਲਏ।

ਵਧਦੀ ਆਬਾਦੀ ਦੇ,
ਸਮਾਧਾਨ ਲਈ,
ਕੋਠੇ ਉੱਤੇ ਹੋਰ ਕੋਠੇ ਪਾ ਲਏ।

ਹੱਦਾਂ, ਸਰਹੱਦਾਂ ਨੂੰ ਤੋੜਿਆ,
ਜ਼ਮੀਨ, ਆਸਮਾਨ ਹੱਥਿਆ ਲਏ !!!

ਰੂਸ ਨੇ ਵੀ,
ਕਰਾਈਮੀਆ, ਜੌਰਜੀਆ ...
ਤੇ ਹੁਣ,
ਯੂਕਰੇਨ ਨਿਸ਼ਾਨੇ ਬਣਾ ਲਏ।

ਮਾਰਕਸਵਾਦ ਉੱਤੇ,
ਵਿਸਥਾਰਵਾਦ ਦੇ,
ਗਲਾਫ਼ ਚੜ੍ਹਾ ਲਏ।

ਸ਼ੀਸ਼ੇ ਦੇ ਵਿੱਚ,
ਚਿਹਰਿਆਂ ਦੇ ਨਾਲ,
ਉਨ੍ਹਾਂ ਦੇ ਅਕਸ ਵੀ,
ਬਦਲਾ ਲਏ।

ਹਿਟਲਰ ਨੇ ਵੀ ਪਹਿਲਾਂ,
ਸਰਹੱਦਾਂ ਦੇ ਨਾਲ ਲੱਗਦੇ,
ਦੇਸ਼ਾਂ ਨੂੰ ਡਕਾਰਿਆ ਸੀ।

ਮਾਨਵਤਾ ਨੂੰ ਖ਼ਤਰਾ,
ਮਾਨਵਤਾ ਦੇ ਅਖਾਉਤੀ,
ਹਿਤੈਸ਼ੀਆਂ ਤੋਂ ਹੀ ਹੈ।

ਭੇਡ ਦੀ ਖੱਲ ਹੇਠ,
ਭੇੜੀਏ ਨੂੰ ਪਛਾਣੋ।

ਇਨ੍ਹਾਂ ਸਭ ਨੂੰ ਨੱਥ ਪਾਓ,
ਨਹੀਂ ਤਾਂ,
ਕਿਸੇ ਹੋਰ ਦੇ ਰੀਮੋਟ ਕੰਟਰੋਲ
’ਤੇ ਚੱਲਣ ਵਾਲੇ,
ਰੋਬੋਟ ਬਣਕੇ ਰਹਿ ਜਾਓਗੇ !!!

ਇਤਿਹਾਸ ਦੇ ਪੱਤਰੇ ਪਲਟੋ,
ਸਮੇਂ ਨਾਲ, ਇਸਦੇ
ਬਦਲਦੇ ਚਿਹਰੇ ਪਛਾਣੋ।

ਧੁਰ, ਸੋਮੇਂ ਤੱਕ ਜਾਓ,
ਦਰਿਆ ਨੂੰ, ਸਮੁੰਦਰ ਨੂੰ ਜਾਣੋ

'ਨ੍ਹੇਰੇ ਨੂੰ, ਨੂਰ ਨੂੰ ਫਰੋਲੋ,
ਸੱਤ-ਰੰਗੀਆਂ ਮਾਣੋ !!!

ਇਤਿਹਾਸ ਨੂੰ,
ਸਹੀ ਪ੍ਰਸੰਗ ਵਿਚ,
ਸਮਝਣ ਲਈ,

ਇਤਿਹਾਸ ਦਾ,
ਪੁਨਰ-ਪਾਠ ਜ਼ਰੂਰੀ ਹੈ !!!

**ਸ਼ਬਦ ਸੰਕੇਤ**

ਵਿਸਥਾਰਵਾਦ : Expansionism

# ਰਾਵਣ-ਰਾਜ ਦੀ ਰਾਵਾਇਣ

ਨੇਤਾ ਤੇ ਕਾਰਪੋਰੇਟ ਘਰਾਣੇ,
ਧਨ-ਧੰਦੇ ਵਿੱਚ ਫੈਲ ਰਹੇ ਨੇ।

ਚੋਣਾਂ ਵੇਲੇ, ਨੇਤਾਵਾਂ ਤੋਂ,
ਚੋਣਾਂ ਦੇ ਮੈਨੀਫੈਸਟੋ ਦਾ,
ਸ਼ਰਤੀਆ ਐਲਾਨ ਕਰਵਾ ਕੇ,
ਵੋਟਰ ਵੀ ਹੁਣ,
ਰਿਸ਼ਵਤ ਲੈਣਾ ਗਿੱਝ ਗਏ ਨੇ।

ਇਸ ਨਗਰੀ ਵਿੱਚ ਰਾਵਣ ਸਾਰੇ,
*ਸਹਿ-ਹੋਂਦ ਵਿੱਚ ਵਿਚਰ ਰਹੇ ਨੇ।

ਸੀਤਾ ਮੂਰਛਿਤ ਹੈ ਤੇ ਰਾਮ ਵੀ,
ਜੀਵਨ-ਕਾਲ ਤੱਕ,
ਲੰਮੀਂ ਛੁੱਟੀ 'ਤੇ ਤੁਰ ਗਏ ਨੇ !!!

ਇਹ ਰਾਮ-ਰਾਜ ਦੀ ਰਾਮਾਇਣ ਨਹੀਂ,
ਰਾਵਣ-ਰਾਜ ਦੀ ਰਾਵਾਇਣ ਹੈ !!!

**ਸ਼ਬਦ ਸੰਕੇਤ**

ਸਹਿ-ਹੋਂਦ : Co-existence, living under the philosophy of Co-existence, ਸਹਿ-ਹੋਂਦ ਦੇ ਫ਼ਲਸਫ਼ੇ ਅਨੁਸਾਰ ਰਲ ਮਿਲਕੇ ਰਹਿਣਾ।

## ਖੜੋਤਾ ਹੋਇਆ ਦਰਿਆ

ਦਰਿਆ,
ਸੋਮੇਂ ਤੋਂ ਸਾਗਰ ਤਕ,
ਫੈਲਿਆ ਹੋਇਆ ਵੀ,
ਝੀਲ ਵਾਂਗ ਵਿਚਰ ਰਿਹਾ ਹੈ।

ਇਸ ਵਿੱਚ ਰਾਤ ਵੀ ਪੈਂਦੀ ਹੈ।

ਇਸ ਵਿੱਚ ਦਿਨ ਵੀ ਚੜ੍ਹਦਾ ਹੈ।

ਘੜੀ ਦੇ ਅੰਕਾਂ ਨੂੰ ਅੱਗੇ ਤੋਰਦਾ ਹੋਇਆ ਵੀ,
ਦਰਿਆ,
ਆਪਣੇ ਆਪ ਵਿੱਚ ਖੜ੍ਹ ਗਿਆ ਹੈ !!!

ਮੌਸਮ ਆਉਂਦੇ ਹਨ,
ਚਲੇ ਜਾਂਦੇ ਹਨ।

ਮੌਸਮਾਂ ਦੀ ਸ਼ਮੂਲੀਅਤ ਸੀ, ਜੁ ਕਦੇ,
ਬੇ-ਰੁੱਤ ਵਿਚਰ ਰਿਹਾ ਹੈ :
ਆਪਣੇ ਅੰਦਰ,
ਆਪਣੇ ਬਾਹਰ,
ਅਜਨਬੀ ਦੀ ਤਰ੍ਹਾਂ।

ਸੱਤ-ਰੰਗੀਆਂ ਪੀਂਘਾਂ ਨੂੰ ਵੇਖਕੇ, ਹੁਣ ਇਹ
ਆਪਣੇ ਅੰਦਰ ਦੀਆਂ ਪੌੜੀਆਂ ਨਾਲ,
ਅਸਮਾਨ ਨਹੀਂ ਚੜ੍ਹਦਾ।

ਉਲਟੇ ਰੁਖ ਵਗਦੀਆਂ ਹਵਾਵਾਂ ਨਾਲ,
ਯੁੱਧ ਨਹੀਂ ਕਰਦਾ।

ਦਰਿਆ ਲਈ,
ਹੁਣ ਸਭ ਪਰਛਾਵੇਂ,
ਸੰਘਣੀਆਂ ਛਾਵਾਂ ਦੇ ਅਨ੍ਹੇਰੇ ਵਿੱਚ,
ਗਵਾਚ ਗਏ ਹਨ।

ਖੜੋਤੇ ਹੋਏ ਮਨੁੱਖ,
ਸੂਰਜ ਵਾਂਗ ਨਹੀਂ ਚੜ੍ਹਦੇ।
ਉਨ੍ਹਾਂ ਉੱਤੇ ਕੋਈ ਰੁੱਤ ਨਹੀਂ ਆਉਂਦੀ।

ਰੁੱਤਾਂ ਦੀ ਬਦਲੀ ਵਿੱਚ ਵੀ, ਉਹ
ਅਬਦਲ ਰਹਿੰਦੇ,
ਬੇ-ਰੁੱਤ ਹੋਏ ਬੀਤਦੇ ਹਨ।

ਜ਼ਿੰਦਗੀ ਰੂਹਾਨੀ ਹੀ ਨਹੀਂ,
ਜਿਸਮਾਨੀ ਵੀ ਹੁੰਦੀ ਹੈ।

ਜਦੋਂ ਜਿਸਮ ਬੈਠ ਜਾਵੇ,
ਤਾਂ ਰੂਹ ਵੀ ਉਸਦੇ ਨਾਲ ਹੀ ਬੈਠ ਜਾਂਦੀ ਹੈ।

ਜਿਸਮ ਵਿੱਚ ਹੀ ਰੂਹ ਦੀ ਚੇਤਨਾ ਹੁੰਦੀ ਹੈ।

ਜਿਸਮ ਤੋਂ ਬਿਨਾ ਰੂਹ ਦਾ ਕੋਈ ਵਜੂਦ ਨਹੀਂ ਹੁੰਦਾ।

ਐਸੇ ਸਮੇਂ,
ਕੋਈ ਵੀ ਸਫ਼ਰ ਬਾਕੀ ਨਹੀਂ ਰਹਿੰਦਾ,
ਕੁਝ ਵੀ ਨਹੀਂ ਤੁਰਦਾ !!!

ਦਰਿਆ,
ਸੋਮੇਂ ਤੋਂ ਸਾਗਰ ਤਕ ਫੈਲਿਆ ਹੋਇਆ ਵੀ,
ਝੀਲ ਵਾਂਗ ਵਿਚਰ ਰਿਹਾ ਹੈ !!!

ਘੜੀ ਦੇ ਅੰਕਾਂ ਨੂੰ ਅੱਗੇ ਤੋਰਦਾ ਹੋਇਆ ਵੀ,
ਦਰਿਆ,
ਆਪਣੇ ਆਪ ਵਿੱਚ ਖੜ੍ਹ ਗਿਆ ਹੈ !!!

# ਰਿਸ਼ਤਿਆਂ ਦੀਆਂ ਮਸ਼ੀਨਾਂ

ਕਾਰਜ ਵਿੱਚ ਅਕਾਰਜ ਛੁਪਿਆ,
ਕਰਮਸ਼ੀਲ ਦੇ ਵਿੱਚ ਨਿਕੰਮਾਂ।
ਅਗਲਾ ਜਨਮ ਹੈ ਭੁੱਲ ਭੁਲੱਈਆਂ,
ਅਗਲਾ ਜੀਵਨ ਨਿਰਾ ਮੁਲੰਮਾਂ।

ਵਰਤਮਾਨ ਨੂੰ ਜਾਣ ਸਕੇ ਨਾ,
ਭੂਤਕਾਲ ਦੀ ਨਹੀਂ ਪਛਾਣ।
ਭਵਿੱਖ ਦੇ ਸੁਪਨ, ਕਾਗ਼ਜ਼ ਦੀ ਬੇੜੀ,
ਸ਼ੂਕੇ ਸਾਗਰ, ਚੜ੍ਹੇ ਤੂਫ਼ਾਨ।

ਅੱਖਾਂ ਬੰਦ ਕਰ ਜੀਣਾ ਸਿੱਖਿਆ,
ਲੀਹ ਵਿੱਚ ਤੁਰਦੇ ਰਹਿਣਾ, ਲਾਹਨਤ।
ਚਿੰਤਨ ਦੀ ਥਾਂ ਰੀਸ ਅਪਣਾਈ,
ਮੌਲਿਕ ਕੁਝ ਨਾ, ਹੋਏ ਅਪਮਾਨਤ।

ਤੁਰਦੇ ਫਿਰਦੇ ਖਲਾਅ ਦੇ ਗੋਲੇ,
ਰੋਬੋਟੀ ਹਨ ਅੱਜ ਦੇ ਇਨਸਾਨ।
ਰਿਸ਼ਤਿਆਂ ਦੀਆਂ ਮਸ਼ੀਨਾਂ ਬਣੀਆਂ,
ਮਿਥਿਆ-ਮੁੱਖ ਬਣ ਗਈ ਪਹਿਚਾਣ।

ਰੰਗਾਂ ਵਿੱਚ ਅਭਿੱਜ ਵਿਚਰਿਆ,
ਸੱਤਰੰਗੀਆਂ ਦੀ ਨਹੀਂ ਪਹਿਚਾਣ।

ਰੁੱਤਾਂ ਦੇ ਵਿੱਚ ਗੁਲਸ਼ਨ, ਮਹਿਕਾਂ,
ਆਪਣਾ ਆਪ ਨਾ ਸਕਿਆ ਜਾਣ।

ਆਪਣੇ ਬੱਲ ਨਾ ਪਰਬਤ ਚੜ੍ਹਿਆ,
ਇਸਦਾ ਜੀਵਨ ਹੈ ਢਲਵਾਨ।
ਨਾ ਇਹ ਪ੍ਰਿਜ਼ਮ ਤੇ ਨਾ ਸੱਤ-ਰੰਗੀ,
ਨ੍ਹੇਰ 'ਚ ਸਾਇਆ, ਹੈ ਪਹਿਚਾਣ।

**ਸ਼ਬਦ ਸੰਕੇਤ-**
ਮਿਥਿਆ-ਮੁੱਖ : ਮਖੌਟਾ, ਭਰਮ,
ਸਾਇਆ : ਪਰਛਾਵਾਂ,

# ਹਵਾ ਵਿੱਚ ਲਿਖਿਆ ਨਾਮ

ਖੜੋਤ ਵਿੱਚ ਤੁਰਦਾ ਕੋਈ, ਤੇ
ਤੋਰ ਵਿੱਚ ਰੁਕਿਆ ਹੋਇਆ।

ਜੀਵਨ ਅਤੇ ਕੁਦਰਤ 'ਚ ਵੀ,
ਹਰ ਸਮੇਂ ਤੇ ਹਰ ਜਗ੍ਹਾ,
ਵਿਰੋਧ ਦਾ,
ਦਵੰਧ ਹੀ ਹੈ ਵਿਚਰਦਾ !!!

ਸੁਨਾਮੀਆਂ 'ਚ ਨਗਰ ਹੜ੍ਹਦੇ,
ਬਣਾਸਪਤ ਤੇ ਜੀਆ-ਜੰਤ।

ਥੇਹ ਦੇ ਵਿੱਚੋਂ, ਹੀ ਸਮਝੀਏ,
ਬਸਤੀਆਂ ਦਾ ਫ਼ਲਸਫ਼ਾ।

ਜਿੱਥੋਂ ਵੀ ਕੋਈ ਉੱਜੜਿਆ,
ਉੱਥੋਂ ਹੀ ਕੋਈ ਉੱਸਰਿਆ।

ਬਦਲੀ 'ਚ ਕੁਝ ਅਬਦਲਿਆ,
ਅਬਦਲ ਵਿੱਚ, ਬਦਲੀ ਦੀ ਸੋਚ।

'ਹੁਣ' ਦੀ ਦ੍ਰਿਸ਼ਟੀ ਦੇ ਵਿੱਚ ਵੀ,
ਆਉਣ ਵਾਲੇ ਕੱਲ੍ਹ ਦਾ,
ਸੁਫਨਾ ਪਿਆ ਹੈ ਲਟਕਦਾ।

ਪੱਤਾ ਖ਼ਿਜ਼ਾਂ ਦਾ ਝੜ ਗਿਆ,
ਭਲਕ ਲਈ, ਪਰ
ਬੀਜ ਦੇ ਨਾਲ,
ਖਾਦ ਪੈਦਾ ਕਰ ਗਿਆ !!!

ਮਾਨਵ ਹੀ ਹੁੰਦੇ ਰਹੇ ਫ਼ਨਾਹ,
ਮਾਨਵ 'ਚ ਆਉਂਦੇ ਰਹੇ ਚੜ੍ਹਾਅ।

ਪਿੰਡ ਵਿੱਚ ਹੀ ਬ੍ਰਹਮੰਡ ਦਾ,
ਉਦੈ, ਅਸਤ, ਫ਼ਲਸਫ਼ਾ !!!

ਅੱਖ ਵਿੱਚ 'ਨ੍ਹੇਰਾ ਵੀ ਹੈ,
ਅੱਖ ਵਿੱਚ ਚਾਨਣ ਵੀ ਹੈ।
ਪ੍ਰਿਜ਼ਮ ਵਿੱਚੋਂ ਨਿਕਲਦਾ,
ਸੱਤ-ਰੰਗਾ ਝੂਟੜਾ !!!

ਨਦੀ ਦੇ ਵਹਿਣਾਂ 'ਚ ਸਾਗਰ,
ਆਪਾ-ਵਾਰੂ ਚੇਤਨਾ-
ਮਾਰਦੀ ਸੋਮਾ ਤੇ ਨਾ ਮਾਰੇ ਨਦੀ।

ਪਰਬਤਾਂ ਤੇ ਅੰਬਰਾਂ ਦੇ ਨਾਲ ਨਾਲ,
ਸਾਗਰ ਰਿਹਾ, ਦਰਿਆ ਰਿਹਾ।
ਬਦਲਕੇ ਵੀ, ਕੁਝ ਨਹੀਂ ਹੈ ਬਦਲਿਆ।
ਦਰਿਆ ਉਵੇਂ ਵੱਗਦਾ ਪਿਆ।
ਸਾਗਰ ਉਵੇਂ ਭਰਦਾ ਰਿਹਾ !!!

ਵਾਦ ਪ੍ਰਤਿਵਾਦ ਦਾ,
ਸੰਵਾਦ ਮੇਰਾ ਫ਼ਲਸਫ਼ਾ।

ਖੰਭ ਤੇ ਉੱਡਣ ਦਾ ਰਿਸ਼ਤਾ,
ਨਿੱਤ ਨਵੇਂ,
ਅੰਬਰ ਹੈ ਰਹਿੰਦਾ ਟੋਲ੍ਹਦਾ।

ਆਪਣੇ ਅੰਦਰ ਤੇ ਬਾਹਰ,
ਦਰ ਤੋਂ ਬਾਅਦ,
ਹੋਰ ਦਰ ਹੈ ਖੋਲ੍ਹਦਾ !!!

ਅੱਜ ਦਾ ਮਨੁੱਖ ਹੈ, ਇੱਕੋ ਸਮੇਂ,
ਤੁਰ ਰਿਹਾ, ਰੁਕਿਆ ਹੋਇਆ !!!

ਟਾਹਣੀ ਦੇ ਨਾਲ ਲਟਕਦਾ,
ਹੌਲੀ ਹੌਲੀ ਡਿਗ ਰਿਹਾ ਪੱਤਾ ਜਿਵੇਂ,
ਹਵਾ ਦੇ ਉੱਤੇ,
ਨਾਮ ਆਪਣਾ ਲਿਖ ਰਿਹਾ !!!

'ਹੁਣ' ਦੇ ਚਿੰਤਨ 'ਚੋਂ ਹੈ, ਇਹ
ਛਿਣ ਕਿਹੜਾ ਲੰਘ ਰਿਹਾ,
ਇੱਕੋ ਸਮੇਂ ਜੁ, ਫੈਲਦਾ ਤੇ ਸੁਕੜਦਾ ???

ਖੜੋਤ ਵਿੱਚ ਤੁਰਦਾ ਕੋਈ, ਤੇ
ਤੋਰ ਵਿੱਚ ਰੁਕਿਆ ਹੋਇਆ !!!

**ਸ਼ਬਦ ਸੰਕੇਤ**
ਖ਼ਿਜ਼ਾਂ : ਪੱਤਝੜ
ਫ਼ਨਾਹ : ਤਬਾਹ, ਬਰਬਾਦ
ਖਾਦ : ਢੇਰ, Manure

## ਕੁਝ ਵੀ ਅੰਤਿਮ ਨਹੀਂ

ਮੇਰੀ ਕਵਿਤਾ ਵਿੱਚ ...

ਮੈਂ ਵੀ ਹਾਂ,
ਸੁਕਰਾਤ ਵੀ।

ਪਰ ਮੇਰੇ,

ਚਿਹਰੇ ਕਈ ...

ਮਖੌਟੇ ਕਈ।

ਕੌਣ ਹੈ ਕਿ ਜਿਸ ਵਿੱਚ ਸੁਕਰਾਤ ਨਹੀਂ ???

ਉੱਤਰਾਂ 'ਚੋਂ ਹਰ ਵਾਰ,
ਪ੍ਰਸ਼ਨ ਹੀ ਜੰਮਦਾ ਰਿਹਾ !!!

ਆਦਿ-ਕਾਲ,
ਅਨੰਤ ਕਾਲ ...

ਚੱਲ ਰਿਹਾ,
ਸੁਕਰਾਤ ਦਾ,
ਪ੍ਰਸ਼ਨ ਦਾ,
ਇਹ ਸਿਲਸਿਲਾ !!!

ਕੁਝ ਵੀ ਅੰਤਿਮ ਨਹੀਂ,
ਕੁਝ ਵੀ ਨਹੀਂ ਮੁੱਕ ਰਿਹਾ।

ਬੀਜ ਵਿੱਚੋਂ ਬੀਜ ਜੰਮੇਂ,
ਪਿਓ ਵਿੱਚੋਂ ਪੁੱਤ ਤੇ
ਪਾਣੀ 'ਚ ਪਾਣੀ ਚੱਲ ਰਿਹਾ !!!

ਸਮਾਂ ਤੇ ਚਿੰਤਨ ਵੀ ਏਥੇ,
ਲਗਾਤਾਰ ਤੁਰ ਰਿਹਾ।

ਫ਼ਲਸਫ਼ੇ 'ਚੋਂ ਨਿਕਲਦਾ,
ਫਿਰ ਕੋਈ ਨਵਾਂ ਫ਼ਲਸਫ਼ਾ !!!

## ਉੱਡਦੇ ਛਿਣ ਦੀ ਦਾਸਤਾਨ

***–ਇਹ ਕਵਿਤਾ, ਫੇਸਬੁੱਕ ਮਿੱਤਰ ਤੇ ਨਾਮਵਰ ਸ਼ਾਇਰ ਪ੍ਰੇਮ ਸਾਹਿਲ ਦੇ ਨਾਂ–***

ਕਾਫ਼ਲਾ ਇਕ ਦਾ ਵੀ ਹੈ,
ਕਾਫ਼ਲਾ ਲੱਖ ਦਾ ਵੀ ਹੈ।
ਕਾਫ਼ਲੇ ਦੇ ਵਿੱਚ ਵੀ ਹੋਵਣ,
'ਇਕ' ਤੋਂ 'ਇਕ' ਦੇ ਫ਼ਾਸਲੇ !

ਤੁਰ ਰਹੇ ਬੰਦਿਆਂ 'ਚ ਬੰਦੇ,
ਬੰਦੇ, ਬੰਦੇ ਵਿੱਚ ਅਨੇਕਾਂ ਜਨ ਖੜ੍ਹੇ !!!
ਟੁੱਟਕੇ ਸਭਨਾਂ ਤੋਂ ਫਿਰ ਕਿਉਂ,
ਖੁਦ ਹੀ ਵਿੱਚ, ਬੰਦਾ ਤੁਰੇ ???

ਬਹੁਮੁਖੀ ਹਸਤੀ ਦੇ ਅੰਦਰ,
ਬਹੁ–ਦਿਸ਼ਾਵੀ ਮੰਜ਼ਲਾਂ !
ਪਰਤੋ ਪਰਤੀ ਖੁੱਲ੍ਹਦੀਆਂ,
ਹਸਤੀ 'ਚ, ਅਨਗਿਣ ਹਸਤੀਆਂ !!!

ਨਜ਼ਰ ਮੇਰੀ ਪਾਰਦਰਸ਼ੀ,
ਪਾਰਦਰਸ਼ੀ ਨਜ਼ਰ ਮੇਰੀ–

ਤੇਰੀਆਂ ਸੋਚਾਂ ਨੇ ਮੇਰੇ
ਪੋਟਿਆਂ 'ਤੇ ਤੁਰਦੀਆਂ !!!

ਬੋਲ ਤੋਂ ਪਹਿਲਾਂ, ਬੁਝਾਰਤ ਬੁੱਝ ਲਵਾਂ,
ਆਪਣੀ ਮੁੱਠੀ 'ਚ ਪੌਣਾਂ ਫੜ ਲਵਾਂ !

ਅੱਖਾਂ ਦੇ ਵਿੱਚ ਸੱਤ-ਰੰਗੀਆਂ,
ਤਲੀਆਂ 'ਤੇ ਸੂਰਜ ਧਰ ਲਵਾਂ !

ਕਿਉਂ ਨਾ ਮੈਂ,
ਗਿਆਨ ਤੇ ਦਰਸ਼ਨ ਲਈ,
ਬ੍ਰਹਮੰਡ ਦੀ ਵਰਣ-ਮਾਲਾ,
ਪਿੰਡ 'ਚੋਂ ਹੀ ਪੜ੍ਹ ਲਵਾਂ ???

ਉੱਡਦੇ ਛਿਣ ਵਿੱਚ ਉੱਡ ਰਿਹਾ, ਮੈਂ
ਉੱਡਦੇ ਛਿਣ ਨੂੰ ਫੜ ਲਵਾਂ !!!

## ਅਮਾਨਵ-ਵਾਦੀ ਯੁੱਗ :
## 2022 ਦੇ ਯੂਕਰੇਨ-ਰੂਸ ਯੁੱਧ ਦੇ ਸੰਦਰਭ ਵਿੱਚ

ਹਰ ਕੋਈ,
ਆਪੋ ਆਪਣੇ ਯੁੱਧ ਵਿੱਚ,
ਰੁੱਝਾ ਹੋਇਆ !!!
ਯੂਕਰੇਨ ਦੇ ਯੁੱਧ ਬਾਰੇ ਸੋਚਣੇ ਦੀ,
ਵਿਹਲ ਕਿਸਨੂੰ ?

ਤੀਜੀ ਵੱਡੀ ਜੰਗ ਦੇ ਭੈ ਹੇਠ,
ਵੱਡੀਆਂ ਸ਼ਕਤੀਆਂ ਤੇ ਨਿੱਕੇ ਮੋਟੇ ਦੇਸ਼,
ਸੋਚਦੇ ਹਨ :
ਰੂਸ ਨੂੰ,
'ਆ ਬੈਲ, ਮੁਝੇ ਮਾਰ',
ਕੌਣ ਕਹੇ ?

ਅਮਰੀਕਾ,
'ਬੜ੍ਹਕ ਵੀ ਮਾਰਦਾ ਹੈ ਤੇ ਮੋਕ ਵੀ'-
ਖੁਰਲੀ 'ਤੇ ਖੜ੍ਹਾ', ਇਹ
ਸਦਾ ਹੀ ਲੱਖ ਦਾ,
ਪਰ ਕੰਮ ਨੂੰ ਕੱਖ ਦਾ !'

ਵਿਸ਼ਵੀਕਰਨ ਦੇ ਇਸ ਯੁੱਗ ਵਿੱਚ,
ਸੈਂਕਸ਼ਨਜ਼, ਆਰਥਿਕ ਦਬਾਅ ਤੇ ਵਿਓਪਾਰਕ ਰੋਕਾਂ,

ਵਰਗੇ ਢੰਗ, ਸਭ ਦੇਸ਼ਾਂ ਨੂੰ,

ਰਾਸ਼ਟਰਵਾਦ ਵਲਾਂ ਮੋੜਨਗੇ ...
ਤੇ ਫਿਰ ਪੈਦਾ ਹੋਣਗੇ :
ਸਿਕੰਦਰ, ਚੰਗੇਜ਼ ਖ਼ਾਨ,
ਹਿਟਲਰ, ਹਲਾਕੂ ਤੇ ਮਸੋਲੀਨੀ !

ਕਿਸ ਕਿਸ ਤੋਂ,
ਖਹਿੜਾ ਛੁਡਾਓਗੇ ?
ਕਿਵੇਂ ?

ਨਸਲਕੁਸ਼ੀ ਤੇ
ਇਕ ਸੁਤੰਤਰ ਦੇਸ਼ ਨੂੰ ਹੜੱਪਣ ਦੀ ਲਾਲਸਾ ਹੇਠ,
ਉੱਜੜ, ਤਬਾਹ ਹੋ ਰਿਹਾ,
ਯੂਕਰੇਨ ਦੇਖਦੇ ਹੋ ?

ਮਰਦ ਮੋਰਚਿਆਂ ਵਿੱਚ,
ਬੰਬ-ਬਰਖਾ ਹੇਠ,
ਬੰਬਾਂ ਵਾਂਗ ਫਟ ਰਹੇ ਹਨ।

ਵਰ੍ਹਿਆਂ ਦੀਆਂ ਬਣੀਆਂ ਇਮਾਰਤਾਂ
ਤੇ ਇਨ੍ਹਾਂ ਨਾਲ ਜੁੜੇ ਅਦਾਰੇ,
ਢਹਿ ਢੇਰੀ ਹੋ ਰਹੇ ਹਨ।

ਇਕ ਸੱਭਿਅਤਾ,
ਸਾਡੀਆਂ ਅੱਖਾਂ ਸੌਹੇਂ,
ਤਹਿਸ਼ ਨਹਿਸ਼ ਹੋ ਰਹੀ ਹੈ !

ਕਿਤੇ ਇਹ,
ਕੈਮੀਕਲ ਤੇ ਬਾਇਓਲੌਜੀਕਲ
ਤੇ/ਜਾਂ ਪ੍ਰਮਾਣੂੰ ਯੁੱਧ ਨਾ ਬਣ ਜਾਵੇ,
ਇਸ ਡਰੋਂ,
ਔਰਤਾਂ, ਬੱਚੇ ਤੇ ਬੁੱਢੇ,

ਹੋਰ ਦੇਸ਼ਾਂ ਦੇ ਰਫ਼ਿਊਜੀ ਕੈਂਪਾਂ ਵਿੱਚ,
ਰੁਲਣ ਲਈ ਜਾ ਰਹੇ !

ਕਈਆਂ ਦੇ, ਰਸਤੇ ਵਿੱਚ ਹੀ,
ਰੂਸੀ ਬੰਬਾਂ, ਤੋਪਾਂ, ਮਿਸਲਾਂ, ਟੈਂਕਾਂ ਦੀ ਮਾਰ ਹੇਠ,
ਪਰਖਚੇ ਉੱਡ ਰਹੇ !

ਪਰ ਅਸੀਂ,

"ਗਵਾਂਢੀ ਦੇ ਘਰ ਨੂੰ ਅੱਗ ਲੱਗੀ,
ਸਾਨੂੰ ਕੀ ?" ...

...ਸੋਚਦੇ ਹੋਏ, ਲਗਾਤਾਰ,
ਅਮਾਨਵ ਬਣ ਰਹੇ ਹਾਂ !

ਇਸ ਅਮਾਨਵਵਾਦੀ ਯੁੱਗ ਵਿੱਚ,
ਹਰ ਕੋਈ ਆਪੋ ਆਪਣੇ ਯੁੱਧ ਵਿੱਚ,
ਰੁੱਝਾ ਹੋਇਆ,
ਹੋਰ ਕੁੱਝ ਸੋਚਣੇ ਦੀ,
ਵਿਹਲ ਕਿਸਨੂੰ ???

**ਸ਼ਬਦ ਸੰਕੇਤ**

ਅਮਾਨਵ : ਮਾਨਵਹੀਣਤਾ ਵਿੱਚ ਵਿਚਰ ਰਹੇ ਅਖਾਉਤੀ ਮਾਨਵ, ਗ਼ੈਰ-ਇਨਸਾਨ
ਅਮਾਨਵ-ਵਾਦੀ : Inhumanist, from inhumanism or inhuman
ਨਸਲਕੁਸ਼ੀ : Genocide
ਸੈੱਕਸ਼ਨਜ਼ : Sanctions, ਰੋਕਾਂ, ਬੰਦਿਸ਼ਾਂ
ਰਾਸ਼ਟਰਵਾਦ : Nationalism

## ਪੰਜਾਬ ਦਾ ਸਿਆਸੀ ਰੰਗ-ਮੰਚ : 2022

***(ਸਿਆਸੀ ਦੰਦ-ਕਥਾ/Political Gossip)***

'ਆਪ' ਨੇ ਅੱਠੋ-ਅੱਠ ਮਾਰੀ, ਤੇ
'ਭਗਵੰਤੇ' ਦੇ ਪੌਂ ਬਾਰਾਂ।
ਤਿੱਤਰ ਹੋਏ ਮਸੰਦ, ਅਤੇ ਹੁਣ
*ਇਕ, ਇਕ, ਦੋ, ਤਿੰਨ, 'ਠਾਰਾਂ।

ਆਪਣੇ ਅੰਦਰ ਝੁਲਸ ਰਹੇ, ਪਰ
ਇਕ ਦੂਜੇ ਨਾਲ ਖਹਿੰਦੇ।
ਅਗਲੀਆਂ ਚੋਣਾਂ ਜਿੱਤਣ ਦੇ ਲਈ,
ਪੰਡਿਤ ਬਣ ਬਣ ਬਹਿੰਦੇ।

ਪੈਰਾਂ ਹੇਠੋਂ ਪੈਨਸ਼ਨ ਖਿੱਚੀ,
ਡਿਗ ਪਏ ਸਭ ਚੌਫਾਲ।
ਪਤਾ ਚੱਲ ਗਿਅ, ਕਿਸ ਕਿਸ ਨੇ ਹੈ,
ਕਿੰਨਾ ਛਕਿਆ ਮਾਲ ?

ਦੋ ਦਲਾਂ ਦਾ ਸਿਆਸੀ ਮਾਫ਼ੀਆ,
ਰੇਤ, ਡਰੱਗ ਤੇ ਦਾਰੂ,
ਭੈਣ, ਭਤੀਜੇ, ਮਿੱਤਰ ਰਲ ਗਏ,
ਅਫ਼ਸਰ-ਸ਼ਾਹੀ ਨਾਲ !

ਸਭ ਵਿਰੋਧੀ ਨੇਤਾ ਬਣ ਗਏ,
** ਅੰਟੇ, ਬੰਟੇ, ਸ਼ੰਟੇ।
ਇਕ ਘੰਟੇ ਵਿੱਚ ਵੱਜਣ, ਵੇਖੋ
ਸਭ ਦੇ ਬਾਰਾਂ ਘੰਟੇ।

ਵੱਜਣ ਡੌਰੂ, ਕਰਨ ਤਮਾਸ਼ੇ,
ਰੇਤ ਦੇ ਪਰਬਤ ਬਣਦੇ।
ਸੱਚ ਤੋਂ ਹਾਰ ਕਰਾਰੀ ਖਾ, ਹੁਣ
ਨਿਸਦਿਨ ਸੁਫ਼ਨੇ ਜਣਦੇ !!!

**ਸ਼ਬਦ ਸੰਕੇਤ**

ਆਪ : ਆਮ ਆਦਮੀ ਪਾਰਟੀ
ਭਗਵੰਤੇ : ਭਗਵੰਤ ਮਾਨ ਦੇ
*ਇਕ, ਇਕ, ਦੋ, ਤਿੰਨ, ’ਠਾਰਾਂ (1,2,3,18)–ਚੋਣਾਂ ਵਿੱਚ ਵਿਰੋਧੀ ਧਿਰਾ ਦੇ ਨਤੀਜੇ : ਆਜ਼ਾਦ : 1. ਬਸਪਾ, 1. ਬੀ.ਜੇ.ਪੀ., 2. ਸ਼੍ਰੋਮਣੀ ਅਕਾਲੀ ਦਲ, 3. ਆਲ ਇੰਡੀਆ ਕਾਂਗਰਸ : 18
** ਅੰਟੇ, ਬੰਟੇ, ਸ਼ੰਟੇ : ਊਲ–ਜਲੂਲ ਕਿਰਦਾਰ

# ਭਾਰਤੀ ਪੰਜਾਬੀ ਵੋਟਰ ਤੇ ਰਾਜਨੀਤਕ ਚੇਤੰਨਤਾ

*(2022 ਦੀਆਂ ਪੰਜਾਬ-ਚੋਣਾਂ ਦੇ ਚੰਗੇ ਨਤੀਜਿਆਂ ਦੀ ਆਸ ਵਿੱਚ)*

ਇਹ ਭਾਰਤੀ ਪੰਜਾਬੀ ਵੋਟਰਾਂ ਦੀ,
ਬਹੁ-ਗਿਣਤੀ ਦੀ,
ਨਰਸਰੀ ਹੈ,
ਜੁ ਉਮਰ ਵੱਲੋਂ ਤਾਂ ਜਵਾਨ, ਅੱਧਖੜ ਤੇ ਬੁੱਢੀ ਹੋ ਗਈ ਹੈ, ਪਰ ਸੂਝ ਵੱਲੋਂ,
ਬਾਲ-ਅਵਸਥਾ ਵਿੱਚ ਹੀ ਵਿਚਰਦੀ ਹੈ !!!

ਜਿਵੇਂ ਬੱਚਾ ਹਰ ਨਵੀਂ ਚੀਜ਼ ਨੂੰ ਪਕੜਦਾ
ਤੇ ਮੂੰਹ ਵਿੰਚ ਪਾ ਲੈਂਦਾ ਹੈ,
ਇਵੇਂ ਹੀ ਇਹ ਆਪਣੇ ਨੇਤਾਵਾਂ ਵਾਂਗ,
ਹਰ ਚੀਜ਼ ਆਪਣੇ ਹੀ ਮੂੰਹ ਤੱਕ ਸੀਮਤ ਕਰ,
ਨਿਗਲਣਾ, ਹਜ਼ਮ ਕਰਨਾ ਲੋਚਦੇ ਹਨ !!!

ਵੋਟ ਦੇ ਮੰਤਵ ਤੇ ਅਧਿਕਾਰ ਬਾਰੇ,
ਇਹ ਵੱਧ ਰੀਂਗਦੇ, ਘੱਟ ਸੋਚਦੇ ਹਨ।

ਵੋਟ ਦੇ ਅਧਿਕਾਰ ਦਾ,
ਆਦਿ-ਕਾਲ ਲੰਘ ਗਿਆ ਹੈ।
ਜੁਗਾਦਿ-ਕਾਲ ਲੰਘ ਰਿਹਾ ਹੈ।

ਤੇਜ਼ੀ ਨਾਲ ਬਦਲ ਰਹੇ ਯੁੱਗ ਵਿੱਚ,
ਬਹੁਤ ਕੁਝ,
ਬਦਲ ਰਿਹਾ ਹੈ-

ਪਰ ਇਹ ਜ਼ਿਹਨੀ ਤੌਰ ’ਤੇ,
ਹੱਥਾਂ, ਗੋਡਿਆਂ ’ਤੇ ਰਿੜ੍ਹ ਰਹੇ ਬੱਚੇ ਵਾਂਗ,
ਓਥੇ ਦੇ ਓਥੇ ਹੀ ਖੜ੍ਹੇ ਹਨ।

ਤਰਕ ਤੇ ਚੇਤਨਾ ਦੇ ਇਸ ਯੁੱਗ ਵਿੱਚ ਵੀ, ਇਹ
ਆਪਣੇ ਹੀ ਹੱਥ ਤੇ ਮੂੰਹ, ਪੇਟ ਦੇ,
ਚਿੰਤਨ ਤੱਕ ਸੀਮਤ ਹਨ !!!

# ਮਿੰਨੀ ਕਵਿਤਾਵਾਂ



# 12 ਮਿੰਨੀ ਕਵਿਤਾਵਾਂ

## 1.

ਬੇਆਵਾਜ਼ ਚਿੰਤਨ 'ਚੋਂ ਆਵੇ,
ਜ਼ਿੰਦਗੀ ਦੀ ਆਵਾਜ਼।
ਗਾਹ ਆਉਂਦਾ ਏ ਚਾਰ ਦਿਸ਼ਾਵਾ,
ਬਿਨ ਤੁਰਿਆਂ ਤੇ ਬਿਨ ਉੜਿਆਂ ਹੀ-
ਇਹ ਕੈਸੀ ਪਰਵਾਜ਼ ???

## 2.

ਬੈਂਕ ਦੀ ਦੌਲਤ ਸ਼ਹਿਰ ਬਣ ਗਈ,
ਗਿਰਵੀ ਹੈ ਇਨਸਾਨ।
ਗਿਰਵੀ ਜੰਮਦੀ, ਗਿਰਵੀ ਮਰਦੀ,
ਮਾਨਵ ਦੀ ਸੰਤਾਨ।

## 3.

ਕੱਲਾ ਹੋ ਗਿਆ ਬੰਦਾ ਦੇਖੋ,
ਰਿਸ਼ਤਿਆਂ ਨੂੰ ਦੇ ਦੇਸ਼-ਨਿਕਾਲਾ।
ਘਰ ਦਾ ਹਰ ਦਰ ਅੰਦਰੋਂ ਬੰਦ ਹੈ,
ਬਾਹਰ ਲੱਗਿਆ ਤਾਲਾ।

## 4.

ਕੰਕਰੀਟ ਦੇ ਜੰਗਲ ਵਿੱਚੋਂ ਉੱਡ ਕੇ,
ਪੰਛੀ ਕਿੱਧਰ ਗਏ ?
ਅਗਲੀ ਪੀੜ੍ਹੀ ਦੇ ਕੰਪਿਊਟਰਾਂ
ਤੇ ਮੋਬਾਈਨ ਫ਼ੋਨਾਂ ਦੇ ਮਹਾਂ ਕੋਸ਼ ਵਿੱਚ,
ਵਿਰਾਸਤੀ ਚਿੜੀਆਘਰ ਬਣ ਗਏ !

## 5.

ਦੋ ਪੈਰ ਘੱਟ ਤੁਰੇ,
ਚਾਰ ਪੈਰ ਵੱਧ ਸੋਚਿਆ।
ਜੋ ਸੱਚ ਮੁੱਚ ਤੁਰੇ,
ਕਿਤੇ ਪਹੁੰਚੇ ਨਹੀਂ !
ਸੋਚ ਵਾਲੇ ਪਹੁੰਚ ਗਏ !

## 6.

ਹੜਤਾਲਾਂ ਤੇ ਧਰਨੇ,
ਸਰਕਾਰ ਨੂੰ ਬਲੈਕਮੇਲ ਕਰਨ ਦੇ
ਸਾਧਨ ਬਣ ਰਹੇ ਤੇ ਚੋਣ-ਮੈਨੀਫ਼ੈਸਟੋ,
ਰਿਸ਼ਵਤ ਦੇਣ ਦੇ ਮਾਧਿਅਮ !
ਇਸ ਹਮਾਮ ਵਿੱਚ ਸਭ ਨੰਗੇ ਹਨ !

## 7.

ਸਿਆਸਤੀ ਬਾਜ਼ਾਰ ਵਿੱਚ,
ਲੋਕ-ਸੇਵਾ ਤੇ ਈਮਾਨਦਾਰੀ, ਹੁਣ
ਖੋਟੇ ਸਿੱਕੇ ਹਨ, ਤੇ ਜੁਰਮ,
ਭ੍ਰਿਸ਼ਟਾਚਾਰ ਵਿੱਚ ਭਾਗੀਦਾਰੀ ਹੀ,
ਸਿਆਸਤ ਦੀ ਪਹਿਚਾਣ ਹੈ !

## 8.

ਸ਼ਿੱਦਤ ਬਿਨਾ ਜ਼ਿੰਦਗੀ ਕੀ ਹੈ ?
ਸ਼ਿੱਦਤ ਬੁਢਾਪੇ ਵਿੱਚ ਹੀ ਨਹੀਂ,
ਹਰ ਉਮਰ ਵਿੱਚ ਜਾ ਸਕਦੀ ਹੈ।
ਸ਼ਿੱਦਤ ਬਿਨਾ ਜ਼ਿੰਦਗੀ ਵਗਾਰ !

## 9.

ਤਬਲੇ ਤੇ ਹਾਰਮੋਨੀਅਮ ਵਿੱਚ,
ਅਨਬਣ ਹੋ ਗਈ ਹੈ।
ਵੰਝਲੀ, ਤੂੰਬੀ ਤੇ ਸਾਰੰਗੀ,
ਵੱਜਦੀ, ਵੱਜਦੀ ਖੜੋ ਗਈ ਹੈ।
ਸੰਗੀਤ ਦਾ ਪੱਛਮੀਕਰਨ ਹੋ ਗਿਆ, ਤੇ
ਵਿਰਾਸਤ ਦਾ ਕਲਾਕ ਖੜੋ ਗਿਆ ਹੈ।।

## 10.

ਬਾਜ਼ ਦੇ ਖੰਭ ਅਸਮਾਨ ਬਣੇ
ਤੇ ਨਜ਼ਰ,
ਝੀਲ, ਧਰਤੀ ਤੇ ਦਰਿਆ !
ਭੋਜਨ ਦੀ ਤਲਾਸ਼ ਵਿੱਚ,
ਕਦੇ ਗਰਮ, ਕਦੇ ਸਰਦ,
ਚੱਲਦੀ ਰਹੀ ਹਵਾ।

## 11.

ਸੜਕ ਦੇ ਸੱਜੇ ਪਾਸੇ ਪਾਠਸ਼ਾਲਾ
ਤੇ ਖੱਬੇ ਪਾਸੇ ਹਸਪਤਾਲ ਹੈ-
ਵਿਚਕਾਰ ਸ਼ਰਾਬ ਦਾ ਦਰਿਆ, ਤੇ
ਨਸ਼ੀਲੇ ਪਦਾਰਥਾਂ ਦੀ ਹਵਾ ...
ਮਾਂ ਬਾਪ ਕੰਮ ਕਾਜ ਵਿੱਚ
ਗੁਆਚ ਗਏ ਤੇ ਸਮਾਂ,
ਸਹੀ ਅਧਿਆਪਕ ਢੂੰਡ ਰਿਹਾ ਹੈ !

## 12.

ਸੜਕ ਝੀਲ ਬਣ ਗਈ
ਤੇ ਨਦੀ ਥਲ।
ਬਿੰਬਾਂ ਦੀ ਗੜੇਮਾਰ ਹੇਠ,
ਸੱਚ ਗੁਆਚ ਗਿਆ ਹੈ।

# ਐਲਬਮ : ਮਾਹੀਆ
## 10 ਟੱਪੇ



# ਐਲਬਮ : ਮਾਹੀਆ

## 1.

ਚਿੜੀਆਂ ਤਾਂ ਉੜ ਗਈਆਂ,
ਸਾਰੇ ਰੁੱਖ ਹੀ ਖਾਲੀ ਨੇ।
ਸ਼ਹਿਰਾਂ ਨੇ ਪਿੰਡ ਖਾ ਲਏ,
ਕੀ ਕੀਤਾ ਏ ਮਾਲੀ ਨੇ ?

## 2.

ਸਾਰੇ ਫਿਰਦੇ ਨਿਕਾਬਾਂ 'ਚ,
ਏਥੇ ਚਿਹਰੇ ਤਾਂ ਵੱਸਦੇ ਨਹੀਂ!
ਸਭ ਰਿਸ਼ਤੇ ਮਸ਼ੀਨੀ ਨੇ,
ਲੋਕੀ ਹੱਸਕੇ ਵੀ ਹੱਸਦੇ ਨਹੀਂ !

## 3.

ਇਸ ਗਣਿਤ ਦੀ ਬੋਲੀ ਤੋਂ,
ਸਭ ਸੂਤਰ ਰੁੱਸ ਗਏ ਨੇ।
ਹਰ ਤਰਫ਼ ਦਰਾੜਾਂ ਨੇ,
ਸਭ ਰਿਸ਼ਤੇ ਖੁੱਸ ਗਏ ਨੇ !

## 4.

ਅਸੀਂ ਕਿੱਥੇ ਤੁਰ ਜਾਈਏ ?
ਨਾ ਦਿਸ਼ਾ, ਨਾ ਰਾਹ ਮਾਹੀਆ।
ਇਹ ਪੁਸਤਕ ਖਾਲੀ ਏ,
ਸ਼ਬਦਾਂ ਲਈ ਖਾ ਮਾਹੀਆ !

## 5.

ਏਥੇ ਸਭ ਹੀ ਵਿਦੇਸ਼ੀ ਨੇ,
ਸਾਡਾ ਦੇਸ਼ ਤੇ ਘਰ ਕੋਈ ਨਹੀਂ !
ਇਹ ਘਰ ਨਹੀਂ, ਹੈ ਭੂਤ-ਬੰਗਲਾ,
ਇਹਨੂੰ ਖਿੜਕੀ ਤੇ ਦਰ ਕੋਈ ਨਹੀਂ।

## 6.

ਮਾਂ ਪਿਓ ਨਾਲ ਗੱਲ ਨਾ ਕਰਨ,
ਸੈੱਲ-ਫ਼ੋਨ ਨਾਲ ਬਾਤਾਂ ਨੇ।
ਬੱਚਿਆਂ ਦੇ ਮੁੱਲ ਬਦਲੇ,
ਭਿੰਨ ਦਿਨ, ਭਿੰਨ ਰਾਤਾਂ ਨੇ।

## 7.

ਜ਼ਿੰਦਗੀ ਹੈ ਖਲਾਅ ਬਣ ਗਈ,
ਕੋਈ ਮਸਲ੍ਹਾ ਨਾ, ਹੱਲ ਕੋਈ ਨਹੀਂ।
ਗੱਲਾਂ ਲਈ ਗੱਲਾਂ ਨੇ,
ਕਿਸੇ ਗੱਲ ਵਿੱਚ ਗੱਲ ਕੋਈ ਨਹੀਂ।

## 8.

ਤਸਵੀਰਾਂ ਬਿਨ ਤੱਕਿਆਂ,
ਅਸੀਂ ਤੇਰੇ ਨਾਂ ਲਾਈ ਜਾਨੇ ਆਂ।
ਚਿੱਠੀਆਂ ਬਿਨ ਲਿਖਿਆਂ,
ਅਸੀਂ ਤੈਨੂੰ ਹੀ ਪਾਈ ਜਾਨੇ ਆਂ।

## 9.

ਅੱਗ ਆਪੇ ਹੀ ਮੱਚ ਪਈ ਸੀ,
ਇਸ ਜੱਗ ’ਤੇ ਕੋਈ ਦੋਸ਼ ਨਹੀਂ।
ਅਸੀਂ ਚਿੰਤਨ ਕੀ ਕਰੀਏ ?
ਸਾਨੂੰ ਆਪਣੀ ਹੋਸ਼ ਨਹੀਂ।

## 10.

ਮਾਹੀਆ ਬੇ-ਨਾਂ ਹੋਇਆ,
ਉਹਦੇ ਨਾਂ ਵਿੱਚ ਨਾਂ ਕੋਈ ਨਹੀਂ।
ਡੰਡੀਆਂ ਨਾ ਰਾਹਾਂ ਨੇ,
ਸਾਡੇ ਵੱਸਣ ਲਈ ਥਾਂ ਕੋਈ ਨਹੀਂ।

# ਅੰਤਿਕਾ



## ਰਵਿੰਦਰ ਰਵੀ ਰਚਿਤ ਕਾਵਿ-ਸੰਗ੍ਰਹਿਆਂ ਦਾ ਵੇਰਵਾ

1. ਦਿਲ ਦਰਿਆ ਸਮੁੰਦਰੋਂ ਡੂੰਘੇ—ਧਨਪਤ ਰਾਏ ਐਂਡ ਸਨਜ਼, ਜਲੰਧਰ—1961
2. ਬੁੱਕਲ ਦੇ ਵਿਚ ਚੋਰ—ਹਿੰਦ ਪਬਲਿਸ਼ਰਜ਼, ਜਲੰਧਰ—1963
3. ਬਿੰਦੂ—ਦੌਲਤ ਰਾਮ ਸਹਿਦੇਵ ਐਂਡ ਸਨਜ਼, ਜਲੰਧਰ—1965
4. ਮੌਨ ਹਾਦਸੇ—ਰਾਜ ਰੂਪ ਪ੍ਰਕਾਸ਼ਨ, ਜਲੰਧਰ—1967
5. ਦਿਲ-ਟ੍ਰਾਂਸਪਲਾਂਟ ਤੋਂ ਬਾਅਦ—ਨਿਊ ਬੁਕ ਕੰਪਨੀ, ਜਲੰਧਰ—1969
6. ਸ਼ਹਿਰ ਜੰਗਲੀ ਹੈ—ਨਿਊ ਬੁਕ ਕੰਪਨੀ, ਜਲੰਧਰ—1970
7. ਮੇਰੇ ਮੌਸਮ ਦੀ ਵਾਰੀ—ਨਿਊ ਬੁਕ ਕੰਪਨੀ, ਜਲੰਧਰ—1972
8. ਜਲ ਭਰਮ-ਜਲ—ਕੇ. ਲਾਲ ਐਂਡ ਕੰਪਨੀ, ਜਲੰਧਰ—1976
9. ਚਿੱਟੇ ਕਾਲੇ ਧੱਬੇ—ਕੇ. ਲਾਲ ਐਂਡ ਕੰਪਨੀ, ਜਲੰਧਰ—1978
10. ਸੀਮਾਂ ਆਕਾਸ਼—ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1980
11. ਸ਼ੀਸ਼ੇ ’ਤੇ ਦਸਤਕ—ਨਵਯੁੱਗ ਪਬਲਿਸ਼ਰਜ਼, ਦਿੱਲੀ—1983
12. ਆਪਣੇ ਖ਼ਿਲਾਫ਼—ਨਵਯੁੱਗ ਪਬਲਿਸ਼ਰਜ਼, ਦਿੱਲੀ—1986
13. ਸੂਰਜ ਤੇਰਾ ਮੇਰਾ—ਨੈਸ਼ਨਲ ਬੁਕ ਸ਼ਾਪ, ਦਿੱਲੀ—1989
14. ਗੰਢਾਂ—ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1993
15. ਸ਼ਬਦੋਂ ਪਾਰ—ਨੈਸ਼ਨਲ ਬੁਕ ਸ਼ਾਪ, ਦਿੱਲੀ—1999
16. ਪੱਤਰ ਤੇ ਦਰਿਆ—ਨੈਸ਼ਨਲ ਬੁਕ ਸ਼ਾਪ, ਦਿੱਲੀ—2003
17. ਛਾਵਾਂ ਤੇ ਪਰਛਾਵੇਂ—ਨੈਸ਼ਨਲ ਬੁਕ ਸ਼ਾਪ, ਦਿੱਲੀ—2007
18. ਬਾਜ਼ ਦੀ ਨਜ਼ਰ—ਨੈਸ਼ਨਲ ਬੁਕ ਸ਼ਾਪ, ਦਿੱਲੀ—2010
19. ਨਵੀਂ ਸਦੀ ਦੀ ਨਵੀਂ ਨਸਲ—ਨੈਸ਼ਨਲ ਬੁਕ ਸ਼ਾਪ, ਦਿੱਲੀ—2013
20. ਸ਼ਬਦਾਂ ਦੇ ਚਿਹਰੇ—ਨੈਸ਼ਨਲ ਬੁਕ ਸ਼ਾਪ, ਦਿੱਲੀ—2014
21. ਨਿਹੋਂਦ ਦਾ ਗੀਤ—ਨੈਸ਼ਨਲ ਬੁਕ ਸ਼ਾਪ, ਦਿੱਲੀ—2015
22. ਫੇਸਬੁੱਕ ਕਵਿਤਾ—ਨੈਸ਼ਨਲ ਬੁਕ ਸ਼ਾਪ, ਦਿੱਲੀ—2018
23. ਮੈਂ-ਕਾਲ : ਤ੍ਰੈਕਾਲ—ਨੈਸ਼ਨਲ ਬੁਕ ਸ਼ਾਪ, ਦਿੱਲੀ—2019
24. ਪਾਰ ਗਾਥਾ—ਨੈਸ਼ਨਲ ਬੁਕ ਸ਼ਾਪ, ਦਿੱਲੀ—2020
25. ਦਰਪਨ ਤੇ ਦਰਸ਼ਨ—ਨੈਸ਼ਨਕ ਬੁਕ ਸ਼ਾਪ, ਦਿੱਲੀ—2021
26. ਸੁਕਰਾਤ ਦਾ ਗੀਤ—ਐਵਿਸ ਪਬਲੀਕੇਸ਼ਨਜ਼, ਮੋਹਾਲੀ—2022
27. ਚਿੰਤਨ ਦੀ ਪਰਵਾਜ਼—ਨੈਸ਼ਨਲ ਬੁਕ ਸ਼ਾਪ, ਦਿੱਲੀ—2023

**ਕਵਿਤਾ ਦੇ ਸਮੁੱਚੇ ਸੰਗ੍ਰਹਿ (Collected works)**

1. ਅਕੱਥ ਕਥਾ (1955 ਤੋਂ 1966, ਭਾਰਤ)
   —ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1988
   ਦੂਜਾ ਐਡੀਸ਼ਨ, ਨੈਸ਼ਨਲ ਬੁਕ ਸ਼ਾਪ, ਦਿੱਲੀ—2005
2. ਵਣ ਵਾਣੀ (1967 ਤੋਂ 1974, ਕੀਨੀਆ)
   —ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1988
   ਦੂਜਾ ਐਡੀਸ਼ਨ, ਨੈਸ਼ਨਲ ਬੁਕ ਸ਼ਾਪ, ਦਿੱਲੀ—2005
3. ਪਿਆਸਾ ਬੱਦਲ (1974 ਤੋਂ 1986 ਕੈਨੇਡਾ)
   —ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1990
   ਦੂਜਾ ਐਡੀਸ਼ਨ, ਨੈਸ਼ਨਲ ਬੁਕ ਸ਼ਾਪ, ਦਿੱਲੀ—2005
4. ਸ਼ਬਦ ਸਾਗਰ (1986 ਤੋਂ 2003 ਕੈਨੇਡਾ)
   —ਨੈਸ਼ਨਲ ਬੁਕ ਸ਼ਾਪ, ਦਿੱਲੀ—2004
5. ਪਿੰਡ ਬ੍ਰਹਮੰਡ (2003 ਤੋਂ 2014 ਕੈਨੇਡਾ)
   —ਨੈਸ਼ਨਲ ਬੁਕ ਸ਼ਾਪ, ਦਿੱਲੀ—2015

**ਅੰਗਰੇਜ਼ੀ ਵਿਚ**

Restless Soul—Indo-Candian Publishers,
Surrey, B.C. Canada-1978
Second Edition—National Book Shop, Delhi-2008

**ਹਿੰਦੀ ਵਿਚ**

1. ਸੂਰਯ ਕਾ ਤਕੀਆ—ਪ੍ਰਤੀਕ ਪਬਲੀਕੇਸ਼ਨਜ਼, ਲੁਧਿਆਣਾ—1998
   ਦੂਜਾ ਐਡੀਸ਼ਨ—ਨੈਸ਼ਨਲ ਬੁਕ ਸ਼ਾਪ, ਦਿੱਲੀ—2009

**ਪਾਕਿਸਤਾਨ ਵਿਚ**

1. ਗੰਢਾਂ (ਗੁਰਮੁਖੀ ਤੇ ਸ਼ਾਹਮੁਖੀ ਲਿੱਪੀ ਵਿਚ)
   —ਅਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ, ਬਿਲਾਲ ਗੰਜ, ਲਾਹੌਰ—1999
2. ਸ਼ਬਦੋਂ ਪਾਰ (ਗੁਰਮੁਖੀ ਤੇ ਸ਼ਾਹਮੁਖੀ ਲਿੱਪੀ ਵਿਚ)
   —ਅਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ, ਬਿਲਾਲ ਗੰਜ, ਲਾਹੌਰ—1999
3. ਹੀਰਿਆਂ ਦਾ ਚੋਗ—ਚੋਣਵੀਂ ਕਵਿਤਾ ਦਾ ਸੰਗ੍ਰਹਿ—1974-1989—(ਸ਼ਾਹਮੁਖੀ ਲਿੱਪੀ ਵਿਚ)
   —ਅਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ, ਬਿਲਾਲ ਗੰਜ, ਲਾਹੌਰ—

2002
4. ਪੱਤਰ ਤੇ ਦਰਿਆ (ਸ਼ਾਹਮੁਖੀ ਲਿੱਪੀ ਵਿਚ)
—ਅਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ, ਬਿਲਾਲ ਗੰਜ, ਲਾਹੌਰ—2005
5. ਸ਼ਬਦਾਂ ਦੇ ਚਿਹਰੇ (ਸ਼ਾਹਮੁਖੀ ਲਿੱਪੀ ਵਿਚ)
—ਪ੍ਰਕਾਸ਼ਕ : ਗੁਲਸ਼ਨ-ਏ-ਅਦਬ ਪਬਲੀਕੇਸ਼ਨਜ਼, ਲਾਹੌਰ, ਪਾਕਿਸਤਾਨ-2016
6. ਨਿਹੋਂਦ ਦਾ ਗੀਤ (ਸ਼ਾਹਮੁਖੀ ਲਿੱਪੀ ਵਿਚ)
—ਪ੍ਰਕਾਸ਼ਕ : ਗੁਲਸ਼ਨ-ਏ-ਅਦਬ ਪਬਲੀਕੇਸ਼ਨਜ਼, ਲਾਹੌਰ, ਪਾਕਿਸਤਾਨ-2016
7. ਨਵੀਂ ਸਦੀ ਦੀ ਨਵੀਂ ਨਸਲ (ਸ਼ਾਹਮੁਖੀ ਲਿੱਪੀ ਵਿਚ)
—ਪ੍ਰਕਾਸ਼ਕ : ਗੁਲਸ਼ਨ-ਏ-ਅਦਬ ਪਬਲੀਕੇਸ਼ਨਜ਼, ਲਾਹੌਰ, ਪਾਕਿਸਤਾਨ-2017
8. ਦਰਪਨ ਤੇ ਦਰਸ਼ਨ (ਸ਼ਾਹਮੁਖੀ ਲਿੱਪੀ ਵਿਚ)
—ਪ੍ਰਕਾਸ਼ਕ : ਗੁਲਸ਼ਨ-ਏ-ਅਦਬ ਪਬਲੀਕੇਸ਼ਨਜ਼, ਲਾਹੌਰ, ਪਾਕਿਸਤਾਨ—2021

# ਰਵਿੰਦਰ ਰਵੀ ਰਚਿਤ ਕਾਵਿ-ਨਾਟਕਾਂ ਦਾ ਵੇਰਵਾ

1. "ਬੀਮਾਰ ਸਦੀ"—ਮੁਹਿੰਦਰ ਪਾਲ ਪਬਲਿਸ਼ਰਜ਼, ਜਲੰਧਰ—1974
2. "ਦਰ ਦੀਵਾਰਾਂ"—ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1981
3. "ਅੱਧੀ ਰਾਤ ਦੁਪਹਿਰ"—ਨਵਯੁੱਗ ਪਬਲਿਸ਼ਰਜ਼, ਦਿੱਲੀ—1983
4. "ਚੌਕ ਨਾਟਕ"—ਨਵਯੁੱਗ ਪਬਲਿਸ਼ਰਜ਼, ਦਿੱਲੀ—1984
   (ਦੂਜਾ ਐਡੀਸ਼ਨ)—ਚੇਤਨਾ ਪ੍ਰਕਾਸ਼ਨ, ਲੁਧਿਆਣਾ—2002
5. "ਰੂਹ ਪੰਜਾਬ ਦੀ"—ਦੀਪਕ ਪਬਲਿਸ਼ਰਜ਼, ਜਲੰਧਰ—1984
   (ਦੂਜਾ ਐਡੀਸ਼ਨ)—ਚੇਤਨਾ ਪ੍ਰਕਾਸ਼ਨ, ਲੁਧਿਆਣਾ—2002
6. "ਸਿਫ਼ਰ ਨਾਟਕ"—ਰਵੀ ਸਹਿਤ ਪ੍ਰਕਾਸ਼ਨ, ਅੰਮ੍ਰਿਤਸਰ—1987
   (ਦੂਜਾ ਐਡੀਸ਼ਨ)—ਚੇਤਨਾ ਪ੍ਰਕਾਸ਼ਨ, ਲੁਧਿਆਣਾ—2002
7. "ਤਿੰਨ ਨਾਟਕ"—ਨੈਸ਼ਨਲ ਬੁਕ ਸ਼ਾਪ, ਦਿੱਲੀ—1990
   (ਦੂਜਾ ਐਡੀਸ਼ਨ)—ਚੇਤਨਾ ਪ੍ਰਕਾਸ਼ਨ, ਲੁਧਿਆਣਾ—2002
8. "ਮਨ ਦੇ ਹਾਣੀ"—ਨੈਸ਼ਨਲ ਬੁਕ ਸ਼ਾਪ, ਦਿੱਲੀ—2005
9. "ਮਖੌਟੇ ਤੇ ਹਾਦਸੇ"—ਨੈਸ਼ਨਲ ਬੁਕ ਸ਼ਾਪ, ਦਿੱਲੀ—2009
10. "ਚੱਕ੍ਰਵਯੂਹ ਤੇ ਪਿਰਾਮਿਡ"—ਨੈਸ਼ਨਲ ਬੁਕ ਸ਼ਾਪ, ਦਿੱਲੀ—2010
11. "ਆਪੋ ਆਪਣੇ ਦਰਿਆ"—ਨੈਸ਼ਨਲ ਬੁਕ ਸ਼ਾਪ, ਦਿੱਲੀ—2015
12. "ਹੋਂਦ ਨਿਹੋਂਦ"—ਨੈਸ਼ਨਲ ਬੁਕ ਸ਼ਾਪ, ਦਿੱਲੀ—2016
13. "ਪਰਤੱਖ ਤੋਂ ਅਗਾਂਹ" (ਦੋ ਕਾਵਿ-ਨਾਟਕ : "ਭਰਮ-ਜਲ" ਅਤੇ "ਸਿਆਸੀ ਦੰਦ-ਕਥਾ")
    —ਨੈਸ਼ਨਲ ਬੁਕ ਸ਼ਾਪ, ਦਿੱਲੀ—2017

**ਥੀਮਕੀ ਤਿੱਕੜੀ (Thematic Trilogy)**

1. **"ਸੂਰਜ ਨਾਟਕ"** (ਬੀਮਾਰ ਸਦੀ, ਦਰ ਦੀਵਾਰਾਂ ਤੇ ਅੱਧੀ ਰਾਤ ਦੁਪਹਿਰ)
   —ਨਵਯੁੱਗ ਪਬਲਿਸ਼ਰਜ਼, ਦਿੱਲੀ—1985
   (ਦੂਜਾ ਐਡੀਸ਼ਨ)—ਚੇਤਨਾ ਪ੍ਰਕਾਸ਼ਨ, ਲੁਧਿਆਣਾ—2002
2. **ਨਾਟਕ ਤੇ ਰੰਗਮੰਚ : ਦੋ ਨਾਟਕ ਤੇ ਰੰਗਮੰਚ**
   —ਨੈਸ਼ਨਲ ਬੁਕ ਸ਼ਾਪ, ਦਿੱਲੀ—2014

3. **ਦਰ ਦੀਵਾਰਾਂ ਤੇ ਸਿਆਸੀ ਦੰਦ-ਕਥਾ : ਮੂਲ ਪਾਠ ਅਤੇ ਰੰਗਮੰਚਕੀ ਵੇਰਵੇ**
   —ਨੈਸ਼ਨਲ ਬੁਕ ਸ਼ਾਪ, ਦਿੱਲੀ—2019
4. **ਚੌਂਕ ਨਾਟਕ ਤੇ ਸਿਫਰ ਨਾਟਕ : ਮੂਲ ਪਾਠ ਅਤੇ ਰੰਗਮੰਚਕੀ ਵੇਰਵੇ**
   —ਨੈਸ਼ਨਲ ਬੁਕ ਸ਼ਾਪ, ਦਿੱਲੀ—2020

**ਕਾਵਿ-ਨਾਟਕਾਂ ਦੇ ਸਮੁੱਚੇ ਸੰਗ੍ਰਹਿ**

1. "ਮੰਚ ਨਾਟਕ" (1974-90)—ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1993
2. "ਮੇਰੇ ਕਾਵਿ-ਨਾਟਕ-1" : ਸੈਂਚੀ ਪਹਿਲੀ (1974-1983)
   —ਨੈਸ਼ਨਲ ਬੁਕ ਸ਼ਾਪ, ਦਿੱਲੀ—2007
3. "ਮੇਰੇ ਕਾਵਿ-ਨਾਟਕ-2" : ਸੈਂਚੀ ਦੂਜੀ (1984-1987)
   —ਨੈਸ਼ਨਲ ਬੁਕ ਸ਼ਾਪ, ਦਿੱਲੀ—2007
4. "ਮੇਰੇ ਕਾਵਿ-ਨਾਟਕ-3" : ਸੈਂਚੀ ਤੀਜੀ (1990-2005)
   —ਨੈਸ਼ਨਲ ਬੁਕ ਸ਼ਾਪ, ਦਿੱਲੀ—2007
5. "ਮੇਰੇ ਕਾਵਿ-ਨਾਟਕ-4" : ਸੈਂਚੀ ਚੌਥੀ (2008-2010)
   —ਨੈਸ਼ਨਲ ਬੁਕ ਸ਼ਾਪ, ਦਿੱਲੀ—2013

**ਪਾਕਿਸਤਾਨ ਵਿਚ ਸ਼ਾਹਮੁਖੀ ਲਿੱਪੀ ਵਿਚ ਕਾਵਿ-ਨਾਟਕਾਂ ਦਾ ਸਮੁੱਚਾ ਸੰਗ੍ਰਹਿ:**
1. "ਮੰਚ ਨਾਟਕ" (1974-1990)
   —ਅਦਾਰਾ ਪੰਜਾਬੀ ਜ਼ਬਾਨ ਤੇ ਸ਼ਕਾਫ਼ਤ, ਲਾਹੌਰ, 2001

**ਪਾਕਿਸਤਾਨ ਵਿਚ ਸ਼ਾਹਮੁਖੀ ਲਿੱਪੀ ਵਿਚ ਕਾਵਿ-ਨਾਟਕ**
1. "ਮਨ ਦੇ ਹਾਣੀ"
   —ਅਦਾਰਾ ਪੰਜਾਬੀ ਜ਼ਬਾਨ ਤੇ ਸ਼ਕਾਫ਼ਤ, ਲਾਹੌਰ, 2005

# ਰਵਿੰਦਰ ਰਵੀ ਰਚਿਤ ਕਹਾਣੀ-ਸੰਗ੍ਰਿਹਿਆਂ ਦਾ ਵੇਰਵਾ

| | ਕਹਾਣੀ-ਸੰਗ੍ਰਹਿ | ਪ੍ਰਕਾਸ਼ਕ | ਪੰਨੇ |
|---|---|---|---|
| 1. | ਚਰਾਵੀ | ਦੌਲਤ ਰਾਮ ਸਹਿਦੇਵ ਐਂਡ ਸਨਜ਼, ਜਲੰਧਰ<br>ਤਿੰਨ ਰੁਪਏ—1963<br>ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | 115 |
| 2. | ਜੁਰਮ ਦੇ ਪਾਤਰ | ਨਿਊ ਬੁਕ ਕੰਪਨੀ, ਜਲੰਧਰ<br>ਪੰਜ ਰੁਪਏ—1968<br>ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | 155 |
| 3. | ਸ਼ਹਿਰ ਵਿਚ ਜੰਗਲ | ਰਾਜ ਰੂਪ ਪ੍ਰਕਾਸ਼ਨ, ਜਲੰਧਰ<br>ਪੰਜ ਰੁਪਏ—1969<br>ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | 120 |
| 4. | ਕੋਨ ਪ੍ਰਤੀਕੋਨ | ਹਜ਼ੂਰੀਆ ਪਬਲਿਸ਼ਰਜ਼ ਕੰਪਨੀ, ਜਲੰਧਰ<br>5.75 ਰੁਪਏ—1971<br>ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | 83 |
| 5. | ਮੈਲੀ ਪੁਸਤਕ | ਮੁਹਿੰਦਰਪਾਲ ਪਬਲਿਸ਼ਿੰਗ, ਜਲੰਧਰ<br>ਅੱਠ ਰੁਪਏ—1973<br>ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | 96 |
| 6. | ਜਿੱਥੇ ਦੀਵਾਰਾਂ ਨਹੀਂ | ਕੇ. ਲਾਲ. ਐਂਡ ਕੰਪਨੀ, ਜਲੰਧਰ<br>ਵੀਹ ਰੁਪਏ—1978<br>ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | 139 |
| 7. | ਕੰਪਿਊਟਰ ਕਲਚਰ | ਨਵਯੁਗ ਪਬਲਿਸ਼ਰਜ਼, ਦਿੱਲੀ-6<br>ਪੈਂਤੀ ਰੁਪਏ—1985<br>ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | 128 |
| 8. | ਆਪਣੇ ਆਪਣੇ ਟਾਪੂ | ਨੈਸ਼ਨਲ ਬੁਕ ਸ਼ਾਪ, ਦਿੱਲੀ-6<br>ਸੱਠ ਰੁਪਏ—1992<br>ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | 120 |
| 9. | ਗੋਰੀਆਂ ਸ਼ਹੀਦੀਆਂ | ਨੈਸ਼ਨਲ ਬੁਕ ਸ਼ਾਪ, ਦਿੱਲੀ-6<br>225 ਰੁਪਏ—2010 | 160 |

## ਸਮੁੱਚੇ ਕਹਾਣੀ-ਸੰਗ੍ਰਹਿ

| | | | |
|---|---|---|---|
| 1. | ਅਘਰਵਾਸੀ<br>(1955-1983) | ਨਵਯੁਗ ਪਲਲਿਸ਼ਰਜ਼, ਦਿੱਲੀ-6<br>ਅੱਸੀ ਰੁਪਏ—1984 | 436 |
| 2. | ਮੇਰੀ ਕਹਾਣੀ<br>(1955-2005) | ਨੈਸ਼ਨਲ ਬੁਕ ਸ਼ਾਪ, ਦਿੱਲੀ-6<br>495 ਰੁਪਏ—2006 | 648 |
| 3. | ਮੇਰੀਆਂ ਸਾਰੀਆਂ ਕਹਾਣੀਆਂ<br>(1955-2010) | ਨੈਸ਼ਨਲ ਬੁਕ ਸ਼ਾਪ, ਦਿੱਲੀ-6<br>2017 | |

## ਚੋਣਵੇਂ ਕਹਾਣੀ-ਸੰਗ੍ਰਹਿ

| | | | |
|---|---|---|---|
| 1. | ਸਮੇਂ ਦੇ ਨਾਲ ਨਾਲ (1955-1989) | ਨੈਸ਼ਨਲ ਬੁਕ ਸ਼ਾਪ, ਦਿੱਲੀ-6 140 ਰੁਪਏ—1989 | 322 |
| 2. | ਖੰਭਾਂ ਵਾਲੇ ਪਿੰਜਰੇ (1955-2000) | ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, ਲੁਧਿਆਣਾ 325 ਰੁਪਏ—2001 | 376 |
| 3. | ਚੋਣਵੀਆਂ ਕਹਾਣੀਆਂ (ਇਸਤਰੀ-ਮਰਦ ਪ੍ਰਸੰਗ ਵਾਲੀਆਂ ਕਹਾਣੀਆਂ) | ਕੁਕਨੁਸ ਪ੍ਰਕਾਸ਼ਨ, ਜਲੰਧਰ 75 ਤੇ 40 ਰੁਪਏ—2002 | 111 |
| 4. | ਚੋਣਵੀਆਂ ਕਹਾਣੀਆਂ-2 (ਬ੍ਰਹਿਮੰਡਕ ਚੇਤਨਾ) | ਕੁਕਨੁਸ ਪ੍ਰਕਾਸ਼ਨ, ਜਲੰਧਰ-2008 | |

## ਪਾਕਿਸਤਾਨ ਵਿਚ (ਸ਼ਾਹਮੁਖੀ ਲਿੱਪੀ ਵਿਚ)

| | | | |
|---|---|---|---|
| 1. | ਖੰਭਾਂ ਵਾਲੇ ਪਿੰਜਰੇ | ਇਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ, ਲਾਹੌਰ 450 ਰੁਪਏ—2000 | 432 |
| 2. | ਵਗਦੇ ਦਰਿਆ | ਗੁਲਸ਼ਨ-ਏ-ਅਦਬ ਪਬਲੀਕੇਸ਼ਨਜ਼, ਲਾਹੌਰ, (1967-2010) ਪਾਕਿਸਤਾਨ, 2018 | |

## ਰਵਿੰਦਰ ਰਵੀ ਦੀਆਂ ਕਹਾਣੀਆਂ ਦੇ ਗਹਿਨ ਅਧਿਅਨ

1. *ਯੁਕਲਿਪਟਸ ਤੇ ਹੈਮਿੰਗਵੇ—ਨੈਸ਼ਨਲ ਬੁਕ ਸ਼ਾਪ, ਦਿੱਲੀ 112
   ਲੇਖਕ : ਡਾ. ਦੇਵਿੰਦਰ ਕੌਰ—35 ਰੁਪਏ—1989
2. **ਕਥਾ ਸਨਮੁਖ—ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ 168
   ਸੰਪਾ: ਰਵਿੰਦਰ ਰਵੀ—140 ਰੁਪਏ—2001
3. ***ਕਥਾ ਸਨਮੁਖ-2—ਨੈਸ਼ਨਲ ਬੁਕ ਸ਼ਾਪ, ਦਿੱਲੀ 204
   ਸੰਪਾ: ਰਵਿੰਦਰ ਰਵੀ—350 ਰੁਪਏ—2012

---

* "ਅਨ੍ਹੇਰਾ ਯੂਕਲਿਪਟਸ ਤੇ ਅੱਗ" ਅਤੇ "ਇਕ ਹੋਰ ਹੈਮਿੰਗਵੇ" ਕਹਾਣੀਆਂ ਤੇ ਉਨ੍ਹਾਂ ਦੇ ਗਹਿਨ ਅਧਿਅਨ ਇਸ ਪੁਸਤਕ ਵਿਚ ਸ਼ਾਮਿਲ ਹਨ।

** "ਅਨ੍ਹੇਰਾ ਯੂਕਲਿਪਟਸ ਤੇ ਅੱਗ" ਅਤੇ "ਇਕ ਹੋਰ ਹੈਮਿੰਗਵੇ" ਕਹਾਣੀਆਂ ਤੇ ਉਨ੍ਹਾਂ ਉੱਤੇ ਲਿਖੇ ਡਾ. ਦੇਵਿੰਦਰ ਕੌਰ ਦੇ ਗਹਿਨ ਅਧਿਅਨ ਅਤੇ "ਹਮ ਛਿਣ" ਕਹਾਣੀ ਤੇ ਉਸ ਉੱਤੇ ਲਿਖਿਆ ਡਾ. ਹਰਚੰਦ ਸਿੰਘ ਬੇਦੀ ਦਾ ਗਹਿਨ-ਅਧਿਅਨ ਇਸ ਪੁਸਤਕ ਵਿਚ ਸ਼ਾਮਿਲ ਹਨ।

*** "ਕਥਾ ਸਨਮੁਖ-2" ਇਸ ਪੁਸਤਕ ਵਿਚ ਹੇਠ ਲਿਖੀਆਂ ਕਹਾਣੀਆਂ ਦੇ ਗਹਿਨ ਅਧਿਐਨ ਸ਼ਾਮਿਲ ਹਨ :

1. ਅਨ੍ਹੇਰਾ ਯੂਕਲਿਪਟਸ ਤੇ ਅੱਗ -ਡਾ. ਦੇਵਿੰਦਰ ਕੌਰ ਤੇ ਡਾ. ਵਨੀਤਾ
2. ਇਕ ਹੋਰ ਹੈਮਿੰਗਵੇ - ਡਾ. ਦੇਵਿੰਦਰ ਕੌਰ
3. ਹਮ ਛਿਣ -ਡਾ. ਹਰਚੰਦ ਸਿੰਘ ਬੇਦੀ
4. ਸ਼ਾਦੀ ਵੱਲ ਜਾਂਦੀ ਸੜਕ -ਡਾ. ਅਕਵਿੰਦਰ ਕੌਰ ਬਾਹਲ
5. ਕੰਪਿਊਟਰ ਕਲਚਰ -ਮਨਜੀਤ ਮੀਤ (ਕੈਨੇਡਾ)

# ਰਵਿੰਦਰ ਰਵੀ ਰਚਿਤ ਫੁਟਕਲ ਪੁਸਤਕਾਂ ਦਾ ਵੇਰਵਾ

**ਸਫ਼ਰਨਾਮਾ**

| | | | |
|---|---|---|---|
| 1. | ਸਿਮਰਤੀਆਂ ਦੇ ਦੇਸ਼ | ਧਨਪਤ ਰਾਏ ਐਂਡ ਸਨਜ਼, ਜਲੰਧਰ | 1979 |
| | (ਦੂਜਾ ਐਡੀਸ਼ਨ) | ਨੈਸ਼ਨਲ ਬੁਕ ਸ਼ਾਪ, ਦਿੱਲੀ | 2006 |

**ਵਾਰਤਕ : ਸਾਹਿਤਿਕ ਸੈ-ਜੀਵਨੀ**

| | | | |
|---|---|---|---|
| 1. | ਮੇਰੀ ਸਾਹਿਤਿਕ ਸੈ-ਜੀਵਨੀ | ਪੰਜਾਬ ਸਾਹਿਤ ਅਕਾਦਮੀ, ਚੰਡੀਗੜ੍ਹ | 1994 |
| 2. | ਐਟਸੈਟਰਾ-2 (ਰਚਨ-ਪ੍ਰਕ੍ਰਿਆ ਤੇ ਹੋਰ ਲੇਖ) | ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ | 2008 |
| 3. | ਐਟਸੈਟਰਾ-3 (ਮੁਲਾਕਾਤਾਂ) | ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ | 2008 |
| 4. | ਮੇਰਾ ਜੀਵਨ, ਮੇਰਾ ਸਾਹਿਤ (ਸਾਹਿਤਿਕ ਸੈ-ਜੀਵਨੀ) | ਪੰਜਾਬੀ ਯੂਨੀਵਰਸਿਟੀ, ਪਟਿਆਲਾ | 2010 |
| 5. | ਐਟਸੈਟਰਾ-4 (ਮੁਲਾਕਤਾਂ ਤੇ ਫੁਟਕਲ ਲਿਖਤਾਂ) | ਨੈਸ਼ਨਲ ਬੁਕ ਸ਼ਾਪ, ਦਿੱਲੀ | 2012 |

**ਸਾਹਿਤ ਸਮੀਖਿਆ ਤੇ ਸੰਕਲਨ**

| | | | |
|---|---|---|---|
| 1. | ਪ੍ਰਯੋਗਸ਼ੀਲ ਕਾਵਿ-ਦਰਪਨ | ਹਜ਼ੂਰੀਆ ਪਬਲਿਸ਼ਰਜ਼, ਜਲੰਧਰ | 1964 |
| | (ਦੂਜਾ ਐਡੀਸ਼ਨ) | ਨੈਸ਼ਨਲ ਬੁਕ ਸ਼ਾਪ, ਦਿੱਲੀ | 2007 |
| 2. | ਮੇਰਾ ਕਾਵਿ-ਨਾਟ ਲੋਕ | ਨੈਸ਼ਨਲ ਬੁਕ ਸ਼ਾਪ, ਦਿੱਲੀ | 1990 |
| | (ਦੂਜਾ ਐਡੀਸ਼ਨ) | ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ | 2008 |
| 3. | ਐਟਸੈਟਰਾ-1 (ਖੋਜ-ਪੱਤਰ ਤੇ ਆਲੋਚਨਾ) | ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ | 2008 |
| 4. | ਮੇਰਾ ਥੀਏਟਰ ਤੇ ਇੱਕੀਵੀਂ ਸਦੀ | ਨੈਸ਼ਨਲ ਬੁਕ ਸ਼ਾਪ, ਦਿੱਲੀ | 2012 |
| 5. | ਮੇਰਾ ਕਾਵਿ-ਨਾਟਕੀ ਰੰਗਮੰਚ : ਇਤਿਹਾਸਿਕ, ਸਿਧਾਂਤਕ ਤੇ ਤਕਨੀਕੀ ਪਰਿਪੇਖ | ਨੈਸ਼ਨਲ ਬੁਕ ਸ਼ਾਪ, ਦਿੱਲੀ | 2018 |

**ਸੰਪਾਦਨ (ਪੰਜਾਬੀ ਤੇ ਅੰਗਰੇਜ਼ੀ ਵਿਚ)**

| | | | |
|---|---|---|---|
| 1. | ਵਿਸ਼ਵ ਪੰਜਾਬੀ ਸਾਹਿਤ | ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ | 1981 |
| 2. | ਕਵਿਤਾ ਸਨਮੁਖ | ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ | 1994 |
| | (ਦੂਜਾ ਐਡੀਸ਼ਨ) | ਨੈਸ਼ਨਲ ਬੁਕ ਸ਼ਾਪ, ਦਿੱਲੀ | 2007 |
| 3. | ਕਥਾ ਸਨਮੁਖ | ਚੇਤਨਾ ਪ੍ਰਕਾਸ਼ਨ, ਲੁਧਿਆਣਾ | 2001 |
| 4. | ਕਥਾ ਸਨਮੁਖ-2 | ਨੈਸ਼ਨਲ ਬੁਕ ਸ਼ਾਪ, ਦਿੱਲੀ | 2012 |
| 5. | ਪਰਵਾਸੀ ਪੱਤਰਕਾਰ ਤਾਰਾ ਸਿੰਘ ਹੇਅਰ (ਅਭਿਨੰਦਨ ਗ੍ਰੰਥ) | ਨਵਯੁੱਗ ਪਬਲਿਸ਼ਰਜ਼, ਦਿੱਲੀ | 1992 |

| | | | |
|---|---|---|---|
| 6. | Wind Song (Poetry) | ਇੰਡੋ-ਕਨੇਡੀਅਨ ਪਬਲੀਕੇਸ਼ਨਜ਼, ਸਰੀ, ਬੀ.ਸੀ., ਕੈਨੇਡਾ | 1978 |
| 7. | Wind Song-2 (Poetry) | ਇੰਡੋ-ਕਨੇਡੀਅਨ ਪਬਲੀਕੇਸ਼ਨਜ਼, ਸਰੀ, ਬੀ.ਸੀ., ਕੈਨੇਡਾ | 1984 |

## ਅੰਗਰੇਜ਼ੀ ਵਿਚ ਚੋਣਵੀਂ ਕਵਿਤਾ-ਹੋਰ ਕਵੀਆਂ ਨਾਲ ਸਾਂਝੀ

| | | | |
|---|---|---|---|
| 1. | The Rebel Sound | Dave Book Centre, Nairobi, Kenya | 1968 |
| 2. | The Voices of Dissent | Seema Parkashan, Jalandhar India | 1972 |
| 3. | Indian Poetry Today (Volume One) | Indian Council for Cultural Relations, New Delhi | 1974 |
| 4. | Green Snow | Vesta Publications, Cornwall, Ontario, Canada | 1976 |
| 5. | Hundred Indian Poets | Oxford + IBH Publishing Company, India. | 1977 |

## ਰਵਿੰਦਰ ਰਵੀ ਦੀ ਸਵੈ-ਜੀਵਨੀ 7 ਵੀਡੀਓ-ਭਾਗਾਂ ਵਿਚ

ਰਵਿੰਦਰ ਰਵੀ ਦੀ ਸਵੈ-ਜੀਵਨੀ, 7 ਵੀਡੀਓ-ਭਾਗਾਂ ਵਿਚ, ਵੇਖਣ/ਸੁਨਣ ਲਈ, ਹੇਠ ਲਿਖੇ ਵੈਬਸਾਈਟ ਉੱਤੇ ਜਾ ਕੇ, Autobiography ਭਾਗ ਵਿਚ ਪ੍ਰਾਪਤ ਕਰੋ : www.ravinder-ravi.com

# ਰਵਿੰਦਰ ਰਵੀ ਦੇ ਸਾਹਿਤ ਉੱਤੇ ਪ੍ਰਾਪਤ ਆਲੋਚਨਾਤਮਕ ਪੁਸਤਕਾਂ

1. ਯੂਕਲਿਪਟਸ ਤੇ ਹੈਮਿੰਗਵੇ : (ਦੋ ਕਹਾਣੀਆਂ ਦੇ ਪੜ੍ਹਤ-ਅਧਿਅਨ)
   ਲੇਖਿਕਾ : ਡਾ. ਦੇਵਿੰਦਰ ਕੌਰ
   ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—1989

2. ਮੇਰਾ ਕਾਵਿ-ਨਾਟ ਲੋਕ
   ਸੰਪਾਦਕ : ਰਵਿੰਦਰ ਰਵੀ
   ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—1990
   ਦੂਜਾ ਐਡੀਸ਼ਨ : ਤ੍ਰਿਲੋਚਨ ਪਬਲਿਸ਼ਰਜ਼, ਚੰਡੀਗੜ੍ਹ—2008

3. ਕਵਿਤਾ ਸਨਮੁਖ : 25 ਕੁ ਕਵਿਤਾਵਾਂ ਦੇ ਪੜ੍ਹਤ-ਅਧਿਅਨ
   ਸੰਪਾਦਕ : ਰਵਿੰਦਰ ਰਵੀ
   ਪ੍ਰਕਾਸ਼ਕ : ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1994
   ਦੂਜਾ ਐਡੀਸ਼ਨ : ਨੈਸ਼ਨਲ ਬੁਕ ਸ਼ਾਪ, ਦਿੱਲੀ—2008

4. ਰਵਿੰਦਰ ਰਵੀ ਦਾ ਰਚਨਾ ਸੰਸਾਰ
   ਲੇਖਕ : ਪ੍ਰੋ. ਬ੍ਰਹਮ ਜਗਦੀਸ਼ ਸਿੰਘ
   ਪ੍ਰਕਾਸ਼ਕ : ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1999

5. ਕਥਾ ਸਨਮੁਖ : ਤਿੰਨ ਕਹਾਣੀਆਂ ਦੇ ਪੜ੍ਹਤ-ਅਧਿਅਨ
   ਸੰਪਾਦਕ : ਰਵਿੰਦਰ ਰਵੀ
   ਪ੍ਰਕਾਸ਼ਕ : ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ—2001

6. ਰਵਿੰਦਰ ਰਵੀ ਦੀ ਕਵਿਤਾ ਵਿਚ ਮਾਨਵੀ ਰਿਸ਼ਤੇ
   ਲੇਖਿਕਾ : ਡਾ. ਸੁਖਵਿੰਦਰ ਕੌਰ ਮੱਲ੍ਹੀ
   ਪ੍ਰਕਾਸ਼ਕ : ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ—2002

7. ਨਾਟਕਕਾਰ ਰਵਿੰਦਰ ਰਵੀ
   ਸੰਪਾਦਕ : ਡਾ. ਗੁਰੂਮੇਲ
   ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2003

8. ਕਥਾਕਾਰ ਰਵਿੰਦਰ ਰਵੀ
   ਸੰਪਾਦਕ : ਡਾ. ਗੁਰੂਮੇਲ
   ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2004

9. ਰਵਿੰਦਰ ਰਵੀ ਦੀ ਕਹਾਣੀ-ਕਲਾ
ਲੇਖਿਕਾ : ਦਲਜਿੰਦਰ ਕੌਰ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2006

10. ਰਵਿੰਦਰ ਰਵੀ ਦਾ ਨਾਟ-ਚਿੰਤਨ
ਲੇਖਕ : ਡਾ. ਸਤਨਾਮ ਸਿੰਘ ਜੱਸਲ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2007

11. ਕਵੀ ਰਵਿੰਦਰ ਰਵੀ
ਸੰਪਾਦਕ : ਮਨਜੀਤ ਮੀਤ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2008

12. ਰਵਿੰਦਰ ਰਵੀ ਦੀ ਕਹਾਣੀ : ਸੱਭਿਆਚਾਰਕ ਪਰਿਪੇਖ
ਲੇਖਕ : ਡਾ. ਗੁਰਜੰਟ ਸਿੰਘ
ਪ੍ਰਕਾਸ਼ਕ : ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ—2009

13. ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ ਸੰਰਚਨਾਤਮਕ ਅਧਿਐਨ
ਲੇਖਕ : ਮੁਨੀਸ਼ ਕੁਮਾਰ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2011

14. ਮੇਰਾ ਥੀਏਟਰ ਤੇ ਇੱਕੀਵੀਂ ਸਦੀ
ਸੰਪਾਦਕ : ਰਵਿੰਦਰ ਰਵੀ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿਲੀ—2012

15. ਰਵਿੰਦਰ ਰਵੀ ਦਾ ਸਫ਼ਰਨਾਮਾ ਸਿਮਰਤੀਆਂ ਦੇ ਦੇਸ਼ : ਪਾਠ-ਕੇਂਦਰਿਤ ਅਧਿਐਨ
ਲੇਖਿਕਾ : ਮਨਮੀਤ ਕੌਰ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2012

16. ਕਥਾ ਸਨਮੁਖ-2 ਪੰਜ ਕਹਾਣੀਆਂ ਦੇ ਪੜ੍ਹਤ-ਅਧਿਐਨ
ਸੰਪਾਦਕ : ਰਵਿੰਦਰ ਰਵੀ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2012

17. ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ "ਥੀਮ ਵਿਗਿਆਨਕ" ਵਿਸ਼ਲੇਸ਼ਣ
ਲੇਖਿਕਾ : ਡਾ. ਰਵਿੰਦਰ ਕੌਰ ਬੇਦੀ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2014

18. ਰਵਿੰਦਰ ਰਵੀ ਦਾ ਸਾਹਿਤ-ਸੰਸਾਰ : ਸੰਵੇਦਨਾ ਤੇ ਸੁਹਜ-ਸੰਚਾਰ
ਲੇਖਿਕਾ : ਡਾ. ਕਿਰਨਦੀਪ ਕੌਰ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2014

19. ਰਵਿੰਦਰ ਰਵੀ ਕਾਵਿ : ਸੱਭਿਆਚਾਰਕ ਤਣਾਓ-ਪਰਵਾਸੀ ਸੰਦਰਭ
ਲੇਖਿਕਾ : ਸਰਬਜੀਤ ਕੌਰ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2015

20. ਰਵਿੰਦਰ ਰਵੀ ਦਾ ਕਾਵਿ-ਸ਼ਾਸਤਰੀ ਚਿੰਤਨ
ਲੇਖਕ : ਡਾ. ਨਾਨਕ ਸਿੰਘ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2017

21. ਰਵਿੰਦਰ ਰਵੀ ਰਚਿਤ ਕਾਵਿ-ਸੰਗ੍ਰਹਿ ਆਪਣੇ ਖਿਲਾਫ਼
(ਮੂਲ ਪਾਠ ਅਤੇ ਆਲੋਚਨਾ)
ਸੰਪਾਦਕ : ਮਨਜੀਤ ਸਿੰਘ (ਪ੍ਰੋ.), ਡਾ. ਜਸਪਾਲ ਕੌਰ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2017

22. ਮੇਰਾ ਕਾਵਿ-ਨਾਟਕੀ ਰੰਗਮੰਚ : ਇਤਿਹਾਸਕ, ਸਿਧਾਂਤਕ ਤੇ ਤਕਨੀਕੀ ਪਰਿਪੇਖ
ਲੇਖਕ : ਰਵਿੰਦਰ ਰਵੀ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2018

23. ਰਵਿੰਦਰ ਰਵੀ ਦੇ ਨਾਟਕ : ਸਰੋਕਾਰ ਤੇ ਤਕਨੀਕ
ਲੇਖਕ : ਹਰਪ੍ਰੀਤ ਕੁਮਾਰ
ਪ੍ਰਕਾਸ਼ਕ : ਅਜ਼ੀਜ਼ ਬੁੱਕ ਹਾਊਸ
3, ਕਾਹਲੋਂ ਕੰਪਲੈਕਸ, ਸਾਹਮਣੇ ਪੰਜਾਬੀ
ਯੂਨੀਵਰਸਿਟੀ, ਪਟਿਆਲਾ-147002—2021

**ਨੋਟ** : 64 ਪੁਸਤਕਾਂ—ਰਵਿੰਦਰ ਰਵੀ ਦੀਆਂ ਜਾਂ ਉਸ ਉੱਤੇ ਪਿਛਲੇ 31 ਸਾਲਾਂ (1987-2018) ਵਿਚ ਨੈਸ਼ਨਲ ਬੁਕ ਸ਼ਾਪ, ਦਿੱਲੀ ਨੇ ਪ੍ਰਕਾਸ਼ਤ ਕੀਤੀਆਂ।

# ਰਵਿੰਦਰ ਰਵੀ ਦੇ ਸਾਹਿਤ ਉੱਤੇ ਪੀ. ਐਚ. ਡੀ. ਪੱਧਰ ਦਾ ਖੋਜ-ਕਾਰਜ

## ਪੂਰਾ ਹੋ ਚੁੱਕਾ ਖੋਜ-ਕਾਰਜ

1. ਖੋਜਾਰਥੀ : ਸੁਖਵਿੰਦਰ ਕੌਰ ਮੱਲ੍ਹੀ
   ਨਿਗਰਾਨ : ਡਾ. ਹਰਚੰਦ ਸਿੰਘ ਬੇਦੀ
   ਵਿਸ਼ਾ : ਰਵਿੰਦਰ ਰਵੀ ਦੀ ਕਾਵਿ-ਰਚਨਾ ਵਿਚ ਮਾਨਵੀ ਰਿਸ਼ਤਿਆਂ ਦੇ ਵਿਭਿੰਨ ਪਾਸਾਰ
   ਯੂਨੀਵਰਸਿਟੀ : ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਭਾਰਤ
   ਇਹ ਖੋਜ-ਕਾਰਜ 2002 ਵਿਚ ਪੂਰਾ ਹੋਇਆ

2. ਖੋਜਾਰਥੀ : ਗੁਰਜੰਟ ਸਿੰਘ
   ਨਿਗਰਾਨ : ਡਾ. ਸ. ਪ. ਸਿੰਘ
   ਵਿਸ਼ਾ : ਰਵਿੰਦਰ ਰਵੀ ਦੀਆਂ ਕਹਾਣੀਆਂ ਦਾ ਸੱਭਿਆਚਾਰਕ ਅਧਿਅਨ
   ਯੂਨੀਵਰਸਿਟੀ : ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਭਾਰਤ
   ਇਹ ਖੋਜ-ਕਾਰਜ, 2005 ਵਿਚ ਪੂਰਾ ਹੋਇਆ

3. ਖੋਜਾਰਥੀ : ਰਵਿੰਦਰ ਕੌਰ ਬੇਦੀ
   ਨਿਗਰਾਨ : ਡਾ. ਮਨਜੀਤ ਸਿੰਘ
   ਵਿਸ਼ਾ : ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ ਥੀਮ-ਵਿਗਿਆਨਕ ਵਿਸ਼ਲੇਸ਼ਣ
   ਯੂਨੀਵਰਸਿਟੀ : ਦਿੱਲੀ ਯੂਨੀਵਰਸਿਟੀ, ਦਿੱਲੀ, ਭਾਰਤ
   ਇਹ ਖੋਜ-ਕਾਰਜ, 2008-2009 ਵਿਚ ਪੂਰਾ ਹੋਇਆ

4. ਖੋਜਾਰਥੀ : ਕਿਰਨਦੀਪ ਕੌਰ
   ਨਿਗਰਾਨ : ਡਾ. ਗੁਰਮੁਖ ਸਿੰਘ
   ਵਿਸ਼ਾ : ਰਵਿੰਦਰ ਰਵੀ ਦਾ ਰਚਨਾ ਸੰਸਾਰ : ਸੰਵੇਦਨਾ ਤੇ ਸੁਹਜ-ਸੰਚਾਰ
   ਯੂਨੀਵਰਸਿਟੀ : ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ
   ਇਹ ਖੋਜ-ਕਾਰਜ, 2013 ਵਿਚ ਪੂਰਾ ਹੋਇਆ

5. ਖੋਜਾਰਥੀ : ਨਾਨਕ ਸਿੰਘ
   ਨਿਗਰਾਨ : ਡਾ. ਸੁਖਦੇਵ ਸਿੰਘ
   ਵਿਸ਼ਾ : ਰਵਿੰਦਰ ਰਵੀ ਦਾ ਕਾਵਿ-ਸ਼ਾਸਤਰੀ ਚਿੰਤਨ
   ਯੂਨੀਵਰਸਿਟੀ : ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਭਾਰਤ
   ਇਹ ਖੋਜ-ਕਾਰਜ, 2016 ਵਿਚ ਪੂਰਾ ਹੋਇਆ

6. ਖੋਜਾਰਥੀ : ਮੁਕੇਸ਼ ਲਤਾ
ਨਿਗਰਾਨ : ਡਾ. ਹਰਦਿਲਜੀਤ ਗੋਸਲ
ਵਿਸ਼ਾ : ਆਧੁਨਿਕਤਾ ਦੇ ਸੰਦਰਭ ਵਿਚ ਰਵਿੰਦਰ ਰਵੀ ਦੀਆਂ ਕਹਾਣੀਆਂ ਦਾ ਅਧਿਐਨ
ਯੂਨੀਵਰਸਿਟੀ : ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਭਾਰਤ
ਇਹ ਖੋਜ-ਕਾਰਜ 2017 ਵਿਚ ਪੂਰਾ ਹੋਇਆ।

## ਇਸ ਸਮੇਂ ਹੋ ਰਿਹਾ ਖੋਜ-ਕਾਰਜ

1. ਖੋਜਾਰਥੀ : ਸੁਰਿੰਦਰ ਕੰਬੋਜ
ਨਿਗਰਾਨ : ਡਾ. ਕਿਰਨਦੀਪ ਸਿੰਘ
ਵਿਸ਼ਾ : ਵਿਸ਼ਵੀਕਰਨ ਦੇ ਸੰਦਰਭ ਵਿਚ ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ ਅਧਿਐਨ
ਯੂਨੀਵਰਸਿਟੀ : ਲਵਲੀ ਪਰੋਫੈਸ਼ਨਲ ਯੂਨੀਵਰਸਿਟੀ, ਫਗਵਾੜਾ, ਪੰਜਾਬ, ਭਾਰਤ

2. ਖੋਜਾਰਥੀ : ਸਰਬਜੀਤ ਕੌਰ
ਨਿਗਰਾਨ : ਡਾ. ਅਵਤਾਰ ਸਿੰਘ
ਵਿਸ਼ਾ : ਰਵਿੰਦਰ ਰਵੀ ਕਾਵਿ ਵਿੱਚ ਅਸਤਿਤਵਵਾਦ
ਯੂਨੀਵਰਸਿਟੀ : ਲਵਲੀ ਪਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ, ਪੰਜਾਬ, ਭਾਰਤ

3. ਖੋਜਾਰਥੀ : ਕਰਮਜੀਤ ਕੌਰ
ਨਿਗਰਾਨ : ਡਾ. ਸਤੀਸ਼ ਕੁਮਾਰ ਵਰਮਾ
ਵਿਸ਼ਾ : ਰਵਿੰਦਰ ਰਵੀ ਦੇ ਨਾਟਕਾਂ ਦਾ ਰੰਗਮੰਚਕੀ ਅਧਿਅਨ
ਯੂਨੀਵਰਸਿਟੀ : ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ

4. ਖੋਜਾਰਥੀ : ਹਰਪ੍ਰੀਤ ਕੁਮਾਰ
ਨਿਗਰਾਨ : ਡਾ. ਪ੍ਰਦੀਪ ਕੌੜਾ
ਵਿਸ਼ਾ : ਰਵਿੰਦਰ ਰਵੀ ਦੇ ਕਾਵਿ ਨਾਟਕ : ਤਕਨੀਕ ਤੇ ਸਰੋਕਾਰ
ਯੂਨੀਵਰਸਿਟੀ : ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ

5. ਖੋਜਾਰਥੀ : ਦੇਵਿੰਦਰ ਸਿੰਘ
ਨਿਗਰਾਨ : ਡਾ. ਸਤਿਨਾਮ ਸਿੰਘ ਜੱਸਲ
ਵਿਸ਼ਾ : ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ ਅੰਤਰ-ਸੱਭਿਆਚਾਰਕ ਅਧਿਅਨ
ਯੂਨੀਵਰਸਿਟੀ : ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ

# ਰਵਿੰਦਰ ਰਵੀ ਦੇ ਸਾਹਿਤ ਉੱਤੇ ਐਮ. ਫਿਲ. ਪੱਧਰ ਦਾ ਖੋਜ-ਕਾਰਜ

## ਪੂਰਾ ਹੋ ਚੁੱਕਾ ਖੋਜ-ਕਾਰਜ

1. ਖੋਜਾਰਥੀ : ਅਰਿੰਦਰ ਸਿੰਘ
ਨਿਗਰਾਨ : ਡਾ. ਸੁਰਿੰਦਰਪਾਲ ਸਿੰਘ
ਵਿਸ਼ਾ : ਰਵਿੰਦਰ ਰਵੀ ਦੀਆਂ ਕਹਾਣੀਆਂ ਵਿਚ ਪਰਵਾਸੀ ਚੇਤਨਾ
ਯੂਨੀਵਰਸਿਟੀ : ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਭਾਰਤ
—ਇਹ ਖੋਜ-ਕਾਰਜ 1985-86 ਵਿਚ ਪੂਰਾ ਹੋਇਆ।

2. ਖੋਜਾਰਥੀ : ਮਨਜੀਤ ਕੌਰ
ਨਿਗਰਾਨ : ਡਾ. ਕੁਲਦੀਪ ਸਿੰਘ ਧੀਰ
ਵਿਸ਼ਾ : ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ ਆਲੋਚਨਾਤਮਕ ਅਧਿਅਨ
ਯੂਨੀਵਰਸਿਟੀ : ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ
—ਇਹ ਖੋਜ-ਕਾਰਜ 1987-88 ਵਿਚ ਪੂਰਾ ਹੋਇਆ।

3. ਖੋਜਾਰਥੀ : ਜਸਪਾਲ ਕੌਰ
ਨਿਗਰਾਨ : ਡਾ. ਸੁਤਿੰਦਰ ਸਿੰਘ ਨੂਰ
ਵਿਸ਼ਾ : ਰਵਿੰਦਰ ਰਵੀ ਦੇ "ਪਿਆਸਾ ਬੱਦਲ" ਦਾ ਕਾਵਿ-ਅਧਿਅਨ
ਯੂਨੀਵਰਸਿਟੀ : ਦਿੱਲੀ ਯੂਨੀਵਰਸਿਟੀ, ਦਿੱਲੀ, ਭਾਰਤ
—ਇਹ ਖੋਜ-ਕਾਰਜ 1991-92 ਵਿਚ ਪੂਰਾ ਹੋਇਆ।

4. ਖੋਜਾਰਥੀ : ਦਲਜਿੰਦਰ ਕੌਰ
ਨਿਗਰਾਨ : ਡਾ. ਕੁਲਦੀਪ ਸਿੰਘ ਧੀਰ
ਵਿਸ਼ਾ : ਰਵਿੰਦਰ ਰਵੀ ਦੀ ਕਹਾਣੀ-ਕਲਾ
ਯੂਨੀਵਰਸਿਟੀ : ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ
—ਇਹ ਖੋਜ-ਕਾਰਜ 2003-2004 ਵਿਚ ਪੂਰਾ ਹੋਇਆ।

5. ਖੋਜਾਰਥੀ : ਮੁਨੀਸ਼ ਕੁਮਾਰ
ਨਿਗਰਾਨ : ਡਾ. ਗੁਰਚਰਨ ਸਿੰਘ ਅਰਸ਼ੀ
ਵਿਸ਼ਾ : ਰਵਿੰਦਰ ਰਵੀ ਦੇ "ਸੂਰਜ ਨਾਟਕ" ਦਾ ਸਰੰਚਨਾਤਮਕ ਅਧਿਅਨ
ਯੂਨੀਵਰਸਿਟੀ : ਦਿੱਲੀ ਯੂਨੀਵਰਸਿਟੀ, ਦਿੱਲੀ, ਭਾਰਤ
—ਇਹ ਖੋਜ-ਕਾਰਜ 2006 ਵਿਚ ਪੂਰਾ ਹੋਇਆ।

6. ਖੋਜਾਰਥੀ : ਸੁਰਿੰਦਰ ਕੁਮਾਰ
ਨਿਗਰਾਨ : ਡਾ. ਰਘਬੀਰ ਕੌਰ
ਵਿਸ਼ਾ : ਵਿਸ਼ਵੀਕਰਨ ਦੇ ਸੰਦਰਭ 'ਚ ਰਵਿੰਦਰ ਰਵੀ ਦੇ ਕਾਵਿ-ਨਾਟਕ "ਅੱਧੀ ਰਾਤ ਦੁਪਹਿਰ" ਤੇ "ਸਿਫ਼ਰ ਨਾਟਕ" ਦਾ ਅਧਿਐਨ
ਯੂਨੀਵਰਸਿਟੀ : ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਭਾਰਤ
—ਇਹ ਖੋਜ-ਕਾਰਜ 2007-2008 ਵਿਚ ਪੂਰਾ ਹੋਇਆ।

7. ਖੋਜਾਰਥੀ : ਮਨਮੀਤ ਕੌਰ
ਨਿਗਰਾਨ : ਡਾ. ਮਨਜੀਤ ਸਿੰਘ
ਵਿਸ਼ਾ : ਰਵਿੰਦਰ ਰਵੀ ਦਾ ਸਫ਼ਰਨਾਮਾ, "ਸਿਮਰਤੀਆਂ ਦੇ ਦੇਸ਼ : ਪਾਠ-ਕੇਂਦਰਿਤ ਅਧਿਐਨ"
ਯੂਨੀਵਰਸਿਟੀ : ਦਿੱਲੀ ਯੂਨੀਵਰਸਿਟੀ, ਦਿੱਲੀ
—ਇਹ ਖੋਜ-ਕਾਰਜ 2009-10 ਸੈਸ਼ਨ ਵਿਚ ਪੂਰਾ ਹੋਇਆ।

8. ਖੋਜਾਰਥੀ : ਸਰਬਜੀਤ ਕੌਰ
ਨਿਗਰਾਨ : ਡਾ. ਅਵਤਾਰ ਸਿੰਘ
ਵਿਸ਼ਾ : ਪਰਵਾਸੀ ਪੰਜਾਬੀ ਕਵਿਤਾ ਵਿਚ ਸੱਭਿਆਚਾਰਕ ਤਣਾਉ (ਰਵਿੰਦਰ ਰਵੀ-ਕਾਵਿ ਦੇ ਸੰਦਰਭ ਵਿਚ)
ਯੂਨੀਵਰਸਿਟੀ : ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ, ਪੰਜਾਬ
—ਇਹ ਖੋਜ-ਕਾਰਜ 2015 ਵਿਚ ਪੂਰਾ ਹੋਇਆ।

9. ਖੋਜਾਰਥੀ : ਹਰਪ੍ਰੀਤ ਕੁਮਾਰ
ਨਿਗਰਾਨ : ਸੱਤਨਾਮ ਸਿੰਘ ਜੱਸਲ
ਵਿਸ਼ਾ : ਰਵਿੰਦਰ ਰਵੀ ਦੇ ਨਾਟਕ : ਸਰੋਕਾਰ ਅਤੇ ਤਕਨੀਕ ("ਆਪੋ ਆਪਣੇ ਦਰਿਆ" ਦੇ ਪ੍ਰਸੰਗ ਵਿੱਚ)
ਯੂਨੀਵਰਸਿਟੀ : ਪੰਜਾਬੀ ਯੂਨੀਵਰਸਿਟੀ ਰਿਜਨਲ ਸੈਂਟਰ, ਬਠਿੰਡਾ, ਪੰਜਾਬ, ਭਾਰਤ
—ਇਹ ਖੋਜ-ਕਾਰਜ ਅਪ੍ਰੈਲ, 2017 ਵਿਚ ਪੂਰਾ ਹੋਇਆ।

**ਐਮ. ਏ. (ਪੰਜਾਬੀ) ਭਾਗ ਦੂਜਾ ਦੇ ਚੌਥੇ ਪਰਚੇ ਲਈ ਪੂਰਾ ਹੋਇਆ ਖੋਜ-ਕਾਰਜ**

1. ਖੋਜਾਰਥੀ : ਪਰਮਦੀਪ ਭੁੱਲਰ
ਨਿਗਰਾਨ : ਪ੍ਰੋ. ਕੇਵਲ ਸਿੰਘ ਥਿੰਦ
ਵਿਸ਼ਾ : ਰਵਿੰਦਰ ਰਵੀ ਦਾ ਕਾਵਿ-ਨਾਟਕ : "ਬੀਮਾਰ ਸਦੀ"-ਇਕ ਅਧਿਅਨ
ਯੂਨੀਵਰਸਿਟੀ : ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਭਾਰਤ
—ਇਹ ਖੋਜ-ਕਾਰਜ 1974-75 ਵਿਚ ਪੂਰਾ ਹੋਇਆ।

# ਰਵਿੰਦਰ ਰਵੀ ਨੂੰ ਮਿਲੇ ਪੁਰਸਕਾਰਾਂ ਦਾ ਵੇਰਵਾ

| | ਪੁਰਸਕਾਰ | ਵਲੋਂ (ਇਦਾਰਾ) | ਸਾਲ |
|---|---|---|---|
| 1. | ਸਾਲ 1965 ਦੀ ਸਰਬੋਤਮ ਕਾਵਿ-ਪੁਸਤਕ "ਬਿੰਦੂ" ਪੁਰਸਕਾਰ | ਪੰਜਾਬੀ ਸਾਹਿਤ ਸਮੀਖਿਆ ਬੋਰਡ, ਜਲੰਧਰ, ਪੰਜਾਬ, ਭਾਰਤ | 1965 |
| 2. | ਸਾਲ 1965 ਦੀ ਸਰਬੋਤਮ ਕਾਵਿ-ਪੁਸਤਕ "ਬਿੰਦੂ" | ਪੁਰਸਕਾਰ ਪੰਜਾਬੀ ਦਰਬਾਰ, ਪੰਜਾਬ, ਭਾਰਤ | 1965 |
| 3. | ਪਿਛਲੇ ਪੰਦਰਾਂ ਸਾਲਾਂ ਵਿਚ ਨਵੀਆਂ ਲੀਹਾਂ ਪਾਉਣ ਵਾਲੀ ਨਾਟ-ਪੁਸਤਕ "ਬੀਮਾਰ ਸਦੀ" ਪੁਰਸਕਾਰ | ਸਰਬੋਤਮ ਪੰਜਾਬੀ ਲਿਟਰੇਰੀ ਫ਼ੋਰਮ, ਚੰਡੀਗੜ੍ਹ, ਭਾਰਤ | 1975 |
| 4. | ਸਾਲ 1974 ਦੀ ਸਰਬੋਤਮ ਕਾਵਿ-ਨਾਟ ਪੁਸਤਕ "ਬੀਮਾਰ ਸਦੀ" ਪੁਰਸਕਾਰ | ਪੰਜਾਬੀ ਦਰਬਾਰ, ਪੰਜਾਬ, ਭਾਰਤ | 1976 |
| 5. | ਸਾਲ 1979 ਦੀ ਸਰਬੋਤਮ ਗੱਦ-ਪੁਸਤਕ "ਸਿਮਰਤੀਆਂ ਦੇ ਦੇਸ਼" ਪੁਰਸਕਾਰ | ਪੰਜਾਬੀ ਸਾਹਿਤ ਸਮੀਖਿਆ ਬੋਰਡ, ਜਲੰਧਰ, ਪੰਜਾਬ, ਭਾਰਤ | 1979 |
| 6. | ਸ਼੍ਰੋਮਣੀ ਸਾਹਿਤਕਾਰ ਪੁਰਸਕਾਰ (ਬਦੇਸ਼ੀ) | ਭਾਸ਼ਾ ਵਿਭਾਗ, ਪੰਜਾਬ, ਭਾਰਤ | 1980 |
| 7. | ਸ਼੍ਰੋਮਣੀ ਸਾਹਿਤਕਾਰ ਪੁਰਸਕਾਰ | ਪੰਜਾਬ ਆਰਟਸ ਕੌਂਸਲ, ਚੰਡੀਗੜ੍ਹ, ਭਾਰਤ | 1980 |
| 8. | ਈਸ਼ਵਰ ਚੰਦਰ ਨੰਦਾ ਪੁਰਸਕਾਰ 'ਅੱਧੀ ਰਾਤ ਦੁਪਹਿਰ' ਕਾਵਿ-ਨਾਟਕ ਵਾਸਤੇ | ਭਾਸ਼ਾ ਵਿਭਾਗ, ਪੰਜਾਬ, ਭਾਰਤ | 1983 |
| 9. | ਪ੍ਰੋਫ਼ੈਸਰ ਮੋਹਨ ਸਿੰਘ ਪੁਰਸਕਾਰ | ਪੰਜ ਦਰਿਆ ਪੰਜਾਬੀ ਅਕਾਦਮੀ, ਟਰਾਂਟੋ, ਕੈਨੇਡਾ | 1989 |
| 10. | ਕਰਤਾਰ ਸਿੰਘ ਧਾਲੀਵਾਲ ਪੁਰਸਕਾਰ ਲੁਧਿਆਣਾ, ਭਾਰਤ | ਪੰਜਾਬੀ ਅਕਾਦਮੀ, | 1992 |
| 11. | ਸਾਈਂ ਬੁੱਲ੍ਹੇ ਸ਼ਾਹ ਪੁਰਸਕਾਰ | ਏਸ਼ੀਅਨ ਰਾਈਟਰਜ਼ ਐਸੋਸੀਏਸ਼ਨ, ਡੈਨਮਾਰਕ | 1993 |
| 12. | ਸ਼੍ਰੋਮਣੀ ਸਾਹਿਤਕਾਰ ਪੁਰਸਕਾਰ | ਪੰਜਾਬੀ ਸਾਹਿਤ ਸਭਾ, ਕੈਲੇਫੋਰਨੀਆਂ, ਅਮਰੀਕਾ | 1994 |

| | | | |
|---|---|---|---|
| 13. | ਬਾਵਾ ਬਲਵੰਤ ਪੁਰਸਕਾਰ | ਸਾਹਿਤ ਵਿਚਾਰ ਕੇਂਦਰ (ਰਜਿ.), ਅੰਮ੍ਰਿਤਸਰ, ਪੰਜਾਬ, ਭਾਰਤ | 1994 |
| 14. | ਪੋਇਟ ਆਫ਼ ਦ ਯੀਅਰ ਅਵਾਰਡ<br>Poet of the Year Award | Alumni of The World University, Cornwall, Canada | 1996 |
| 15. | ਝ਼ਅ ਰਿ ਵੀਕ ਸ਼ਕ਼ਫਕ ਮ਼ੰਗਦ | ਅਦੀਬ ਇੰਟਰਨੈਸ਼ਨਲ, (ਸਾਹਿਰ ਕਲਚਰਲ ਅਕਾਦਮੀ), ਲੁਧਿਆਣਾ, ਭਾਰਤ | 1997 |
| 16. | ਪ੍ਰੋ. ਪੂਰਨ ਸਿੰਘ<br>ਦਹਿਸਦੀ (Millenium) ਪੁਰਸਕਾਰ | ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ | 2000 |
| 17. | ਮਹਾਰਾਜਾ ਰਣਜੀਤ ਸਿੰਘ<br>ਯਾਦਗਾਰੀ ਪੁਰਸਕਾਰ | ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ | 2001 |
| 18. | ਸਮੁੱਚੀ ਸਾਹਿਤ-ਸੇਵਾ ਪੁਰਸਕਾਰ | ਇੰਡੋ-ਕਨੇਡੀਅਨ ਕਲਚਰਲ ਐਸੋਸੀਏਸ਼ਨ, ਸਰੀ, ਬੀ.ਸੀ. ਕੈਨੇਡਾ | 2005 |
| 19. | ਜੀਵਨ-ਕਾਲ ਪ੍ਰਾਪਤੀ ਪੁਰਸਕਾਰ<br>Life-Time Achievement Award | ਇਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ, ਲਾਹੌਰ, ਪਾਕਿਸਤਾਨ | 2006 |
| 20. | ਤਮਗ਼ਾ-ਏ-ਹੁਸਨ-ਏ-ਕਾਰਕਰਦਗੀ<br>Pride of Performance Award | World Institute of Punjabi Literature and Heritage, Lahore, Pakistan | 2006 |
| 21. | ਸੋਨ ਤਮਗ਼ਾ (Gold Medal)<br>ਕਾਵਿ-ਨਾਟਕਾਂ ਵਾਸਤੇ | ਐਸੋਸੀਏਸ਼ਨ ਆਫ ਰਾਈਟਰਜ਼ ਐਂਡ ਆਰਟਿਸਟਸ, ਲਾਹੌਰ, ਪਾਕਿਸਤਾਨ | 2006 |
| 22. | ਸੌ ਸਾਲਾ ਵਰ੍ਹੇ ਗੰਢ ਦਿਵਸ<br>ਯਾਦਗਾਰੀ "ਵਿਲੱਖਣ ਪ੍ਰਾਪਤੀ ਪੁਰਸਕਾਰ" | ਖਾਲਸਾ ਦੀਵਾਨ ਸੋਸਾਇਟੀ, ਵੈਨਕੂਵਰ, ਬੀ.ਸੀ., ਕੈਨੇਡਾ | 2006 |
| 23. | ਫੈਲੋਸ਼ਿਪ | ਪੰਜਾਬੀ ਅਕਾਦਮੀ, ਲਿਸਟਰ, ਇੰਗਲੈਂਡ | 2007 |
| 24. | ਅੰਮ੍ਰਿਤਾ ਪ੍ਰੀਤਮ ਮੈਮੋਰੀਅਲ<br>ਇੰਟਰਨੈਸ਼ਨਲ ਅਵਾਰਡ<br>ਆਫ਼ ਡਿਸਟਿੰਕਸ਼ਨ | ਸਿਪਸਾ-ਕੈਨੇਡੀਅਨ ਇੰਟਰਨੈਸ਼ਨਲ ਪੰਜਾਬੀ ਸਾਹਿਤ ਅਕਾਦਮੀ, ਟਰਾਂਟੋ, ਕੈਨੇਡਾ | 2007 |

| | | | |
|---|---|---|---|
| 25. | ਸਰਬ ਸ੍ਰੇਸ਼ਟ ਸਾਹਿਤਕਾਰ ਪੁਰਸਕਾਰ | ਪਰਵਾਸੀ ਮੀਡੀਆ ਗਰੁੱਪ, ਟਰਾਂਟੋ, ਕੈਨੇਡਾ | 2008 |
| 26. | Honorary Life Time Membership Awrad | ਨਿਸਗਾ ਟੀਚਰਜ਼ ਯੂਨੀਅਨ, ਨਿਊ ਆਏਐਂਸ਼, ਬੀ.ਸੀ., ਕੈਨੈਡਾ | 2010 |
| 27. | ਨਾਟ ਸ਼੍ਰੋਮਣੀ | ਪੰਜਾਬੀ ਨਾਟ ਅਕਾਦਮੀ, ਲੁਧਿਆਣਾ, ਭਾਰਤ | 2011 |
| 28. | ਜੀਵਨ-ਕਾਲ ਪ੍ਰਾਪਤੀ ਪੁਰਸਕਾਰ | ਕੇਂਦਰੀ ਪੰਜਾਬੀ ਲੇਖਕ ਸਭਾ, ਉੱਤਰੀ ਅਮਰੀਕਾ, ਸਰੀ, ਬੀ.ਸੀ., ਕੈਨੇਡਾ | 2011 |
| 29. | ਜੀਵਨ-ਕਾਲ ਪ੍ਰਾਪਤੀ ਪੁਰਸਕਾਰ | (UBC) ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ, ਵੈਨਕੂਵਰ, ਕੈਨੇਡਾ | 2011 |
| 30. | ਇਕਬਾਲ ਅਰਪਨ ਯਾਦਗਾਰੀ ਜੀਵਨ-ਕਾਲ ਪ੍ਰਾਪਤੀ ਪੁਰਸਕਾਰ | ਅਰਪਨ ਲਿਖਾਰੀ ਸਭਾ, ਕੈਲਗਰੀ, ਅਲਬਰਟਾ, ਕੈਨੇਡਾ | 2012 |
| 31. | ਜੀਵਨ-ਕਾਲ ਪ੍ਰਾਪਤੀ ਪੁਰਸਕਾਰ | ਪੰਜਾਬੀ ਆਰਸੀ ਰਾਈਟਰਜ਼ ਕਲੱਬ, (ਕੈਨੇਡਾ) | 2013 |
| 32. | ਬਲਵੰਤ ਗਾਰਗੀ ਮੈਮੋਰੀਅਲ ਇੰਟਰਨੈਸ਼ਨਲ ਅਵਾਰਡ | ਸਿਪਸਾ-ਕੈਨੇਡੀਅਨ ਇੰਟਰਨੈਸ਼ਨਲ ਪੰਜਾਬੀ ਸਾਹਿਤ ਅਕਾਦਮੀ, ਆਫ਼ ਡਿਸਟਿੰਕਸ਼ਨ ਟਰਾਂਟੋ, ਕੈਨੇਡਾ | 2015 |
| 33. | ਕਰਤਾਰ ਸਿੰਘ ਦੁੱਗਲ ਮੈਮੋਰੀਅਲ ਇੰਟਰਨੈਸ਼ਨਲ ਅਵਾਰਡ ਆਫ ਡਿਸਟਿੰਕਸ਼ਨ (ਫਾਰ ਪੰਜਾਬੀ ਸ਼ਾਰਟ ਸਟੋਰੀਜ਼) ਪੁਸਤਕ : "ਮੇਰੀਆਂ ਸਾਰੀਆਂ ਕਹਾਣੀਆਂ" ਲਈ | ਸਿਪਸਾ-ਕੈਨੇਡੀਅਨ ਇੰਟਰਨੈਸ਼ਨਲ ਪੰਜਾਬੀ ਸਾਹਿਤ ਅਕਾਦਮੀ, ਟਰਾਂਟੋ, ਕੈਨੇਡਾ | 2017 |
| 34. | ਭੇਲ ਇੰਟਰਨੈਸ਼ਨਲ ਅਦਬੀ ਐਵਾਰਡ ਭੇਲ ਮੰਜ਼ਲ, ਭੇਲ ਡੇਰਾ, ਨਨਕਾਣਾ ਸਾਹਿਬ, ਪਾਕਿਸਤਾਨ ਨੋਟ : ਇਹ ਪੁਰਸਕਾਰ, ਪਾਕਿਸਤਾਨ ਵਿੱਚ, ਸ਼ਾਹਮੁਖੀ ਲਿੱਪੀ ਵਿੰਚ, 2021 ਵਿੱਚ ਛਪੇ ਕਾਵਿ-ਸੰਗ੍ਰਹਿ : "ਦਰਪਨ ਤੇ ਦਰਸ਼ਨ" ਲਈ ਦਿੱਤਾ ਗਿਆ। | ਭੇਲ ਅਦਬੀ ਸੰਗਤ ਇੰਟਰਨੈਸ਼ਨਲ | 2022 |

# ਰਵਿੰਦਰ ਰਵੀ ਨੂੰ ਮਿਲੇ ਸਨਮਾਨਾਂ ਦਾ ਵੇਰਵਾ

**ਸੰਸਥਾ ਸਾਲ**

| | | |
|---|---|---|
| 1. | ਪੰਜਾਬੀ ਲਿਖਾਰੀ ਸਭਾ, ਨੈਰੋਬੀ, ਕੀਨੀਆਂ | 1974 |
| 2. | ਮਾਸਕ 'ਦ੍ਰਿਸ਼ਟੀ', ਜਲੰਧਰ, ਪੰਜਾਬ, ਭਾਰਤ | 1976 |
| 3. | ਪੰਜਾਬੀ ਲਿਖਾਰੀ ਸਭਾ (ਰਜਿ.), ਜਗਤਪੁਰ, ਪੰਜਾਬ, ਭਾਰਤ | 1981 |
| 4. | ਮਾਸਕ 'ਅਕਸ' ਮੰਚ, ਨਵੀਂ ਦਿੱਲੀ, ਭਾਰਤ | 1993 ਤੇ 2001 |
| 5. | ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ, ਚੰਡੀਗੜ੍ਹ, ਭਾਰਤ | 1993 |
| 6. | ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੰਜਾਬ, ਭਾਰਤ | 1993 |
| 7. | ਇੰਟਰਨੈਸ਼ਨਲ ਲਿਟਰੇਰੀ ਐਂਡ ਕਲਚਰਲ ਫੋਰਮ, ਲਿਸਟਰ, ਇੰਗਲੈਂਡ (U.K.) | 1995 |
| 8. | ਮੇਲ ਮਿਲਾਪ ਸਾਹਿਤ ਸਭਾ, ਗਲਾਸਗੋ, ਸਕਾਟਲੈਂਡ (U.K.) | 2000 |
| 9. | ਭਾਸ਼ਾ ਵਿਭਾਗ, ਪੰਜਾਬ, ਭਾਰਤ | 2001 |
| 10. | ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.), ਪੰਜਾਬ, ਭਾਰਤ | 2001 |
| 11. | ਸਿਰਜਣਾ ਸੰਗਮ, ਪਟਿਆਲਾ, ਪੰਜਾਬ, ਭਾਰਤ | 2001 |
| 12. | ਪੰਜਾਬੀ ਲੇਖਕ ਸਭਾ, ਪਟਿਆਲਾ, ਪੰਜਾਬ, ਭਾਰਤ | 2001 |
| 13. | ਪੰਜਾਬੀ ਲਿਟਰੇਰੀ ਫੋਰਮ, ਪਟਿਆਲਾ ਪੰਜਾਬ, ਭਾਰਤ | 2001 |
| 14. | ਰਚਨਾ ਵਿਚਾਰ ਮੰਚ, ਨਾਭਾ, ਪੰਜਾਬ, ਭਾਰਤ | 2001 |
| 15. | ਲਾਇਲਪੁਰ ਖਾਲਸਾ ਕਾਲਜ, ਜਲੰਧਰ, ਪੰਜਾਬ, ਭਾਰਤ | 2002 |
| 16. | ਨਿਸਗਾ ਸਕੂਲ ਜ਼ਿਲ੍ਹਾ, ਨਿਊ ਆਏਐਂਸ਼, ਬੀ.ਸੀ. ਕੈਨੇਡਾ | 2003 |
| 17. | ਨਿਸਗਾ ਟੀਚਰਜ਼ ਯੂਨੀਅਨ, ਨਿਊ ਆਏਐਂਸ਼, ਬੀ.ਸੀ. ਕੈਨੇਡਾ | 2004 |
| 18. | ਵਿਸ਼ਵ ਪੰਜਾਬੀ ਅਕਾਦਮੀ, ਕੈਲੇਫੋਰਨੀਆ, ਅਮਰੀਕਾ | 2004 |
| 19. | ਪੰਜਾਬੀ ਪੱਤਰਕਾਰ ਸੰਸਥਾ, ਲਾਹੌਰ, ਪਾਕਿਸਤਾਨ | 2006 |
| 20. | ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ | 2006 |
| 21. | ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.), ਜਲੰਧਰ, ਭਾਰਤ | 2006 |
| 22. | ਪੰਜਾਬੀ ਲਿਖਾਰੀ ਸਭਾ, ਜਗਤਪੁਰ (ਰਜਿ.), ਜ਼ਿਲ੍ਹਾ ਨਵਾਂ ਸ਼ਹਿਰ, ਭਾਰਤ | 2006 |
| 23. | ਅਦਾਰਾ ਵੀਯਨਜ਼ ਆਫ਼ ਪੰਜਾਬ, ਟੀ.ਵੀ., ਬਰੈਂਪਟਨ, ਕੈਨੇਡਾ | 2007 |

24. ਰਚਨਾ ਵਿਚਾਰ ਮੰਚ, ਪੰਜਾਬ (ਰਜਿ.), ਨਾਭਾ 2008

25. ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.), ਪੰਜਾਬ, ਭਾਰਤ 2008

26. ਭਾਸ਼ਾ ਵਿਭਾਗ, ਪੰਜਾਬ, ਭਾਰਤ 2008

27. UBC ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ,
ਏਸ਼ੀਅਨ ਲਾਇਬ੍ਰੇਰੀ ਵੈਨਕੂਵਰ, ਬੀ.ਸੀ., ਕੈਨੇਡਾ 2010

28. ਪੰਜਾਬੀ ਅਦਬੀ ਸੰਗਤ, ਸਰੀ, ਬੀ.ਸੀ., ਕੈਨੇਡਾ 2013

29. ਸੁੱਖੀ ਬਾਠ ਫਾਊਂਡੇਸ਼ਨ, ਸਰੀ, ਬੀ.ਸੀ., ਕੈਨੇਡਾ 2014

# ਇਆਪਾ (I.A.P.A.A.) ਤੇ ਇਸ ਵਲੋਂ ਦਿੱਤੇ ਗਏ ਪੁਰਸਕਾਰ

ਇਆਪਾ (ਇੰਟਰਨੈਸ਼ਨਲ ਐਸੋਸੀਏਸ਼ਨ ਆਫ਼ ਪੰਜਾਬੀ ਆਥਰਜ਼ ਐਂਡ ਆਰਟਿਸਟਸ) ਦੀ ਸਥਾਪਨਾ ਮੈਂ, ਡਾ. ਗੁਰੂਮੇਲ, ਸਰਗੀ ਤਾਰਾ ਸਿੰਘ ਹੇਅਰ (ਸੰਪਾਦਕ: ਇੰਡੋ-ਕਨੇਡੀਅਨ ਟਾਇਮਜ਼), ਗੁਰਚਰਨ ਰਾਮਪੁਰੀ, ਦਰਸ਼ਨ ਗਿੱਲ ਅਤੇ ਭੂਪਿੰਦਰ ਧਾਲੀਵਾਲ ਆਦਿ ਨੂੰ ਨਾਲ ਲੈ ਕੇ, 3 ਜੁਲਾਈ, 1978 ਨੂੰ ਕੀਤੀ। ਇਸ ਸੰਸਥਾ ਵਲੋਂ 1981 ਵਿਚ ਮੇਰੀ ਸੰਪਾਦਨਾ ਹੇਠਾਂ 'ਵਿਸ਼ਵ ਪੰਜਾਬੀ ਸਾਹਿਤ' ਨਾਮ ਦੀ ਪੁਸਤਕ ਪ੍ਰਕਾਸ਼ਤ ਕੀਤੀ ਗਈ, ਜਿਸ ਵਿਚ 12 ਦੇਸ਼ਾਂ ਦੇ 100 ਕੁ ਪੰਜਾਬੀ ਲੇਖਕਾਂ ਦੀਆਂ ਲਿਖਤਾਂ ਸ਼ਾਮਿਲ ਕੀਤੀਆਂ ਗਈਆਂ ਸਨ।

ਲੋਕ ਮੰਚ ਨਾਲ ਜੁੜੇ ਜੋਗਿੰਦਰ ਬਾਹਰਲਾ ਨੂੰ ਇਸ ਸੰਸਥਾ ਵਲੋਂ 1979 ਵਿਚ ਸਨਮਾਨਤ ਕੀਤਾ ਗਿਆ। 1980 ਵਿਚ 500 ਡਾਲਰ ਦੇ ਪ੍ਰੋ. ਪਿਆਰਾ ਸਿੰਘ ਗਿੱਲ ਤੇ ਕਰਮ ਸਿੰਘ ਸੰਧੂ ਮੈਮੋਰੀਅਲ ਅੰਤਰ-ਰਾਸ਼ਟਰੀ ਸ਼੍ਰੋਮਣੀ ਸਾਹਿਤਕਾਰ/ਪੱਤਰਕਾਰ/ਕਲਾਕਾਰ ਪੁਰਸਕਾਰ ਦੀ ਸਥਾਪਨਾ ਕੀਤੀ ਗਈ।

ਇਹ ਪੁਰਸਕਾਰ ਹੁਣ ਤਕ ਹੇਠ ਲਿਖੇ ਲੇਖਕਾਂ, ਪੱਤਰਕਾਰਾਂ ਤੇ ਕਲਾਕਾਰਾਂ ਨੂੰ ਦਿੱਤਾ ਜਾ ਚੁੱਕਾ ਹੈ :

| | | | |
|---|---|---|---|
| 1. | ਸੰਤ ਸਿੰਘ ਸੇਖੋਂ | ਭਾਰਤ | 1980 |
| 2. | ਫ਼ਖਰ ਜ਼ਮਾਨ | ਪਾਕਿਸਤਾਨ | 1981 |
| 3. | ਕਰਤਾਰ ਸਿੰਘ ਦੁੱਗਲ | ਭਾਰਤ | 1982 |
| 4. | ਸੋਹਨ ਕਾਦਰੀ | ਡੈਨਮਾਰਕ | 1982 |
| 5. | ਅਜੀਤ ਕੌਰ | ਭਾਰਤ | 1983 |
| 6. | ਤਰਸੇਮ ਸਿੰਘ ਪੁਰੇਵਾਲ | ਇੰਗਲੈਂਡ | 1983 |
| 7. | ਡਾ. ਸੁਰਜੀਤ ਸਿੰਘ ਸੇਠੀ | ਭਾਰਤ | 1984 |
| 8. | ਡਾ. ਦਲੀਪ ਕੌਰ ਟਿਵਾਣਾ | ਭਾਰਤ | 1985 |
| 9. | ਅੰਮ੍ਰਿਤਾ ਪ੍ਰੀਤਮ | ਭਾਰਤ | 1986 |
| 10. | ਡਾ. ਹਰਚਰਨ ਸਿੰਘ | ਭਾਰਤ | 1986 |
| 11. | ਅਫ਼ਜ਼ਲ ਅਹਿਸਨ ਰੰਧਾਵਾ | ਪਾਕਿਸਤਾਨ | 1986 |
| 12. | ਅਜਾਇਬ ਕਮਲ | ਕੀਨੀਆ | 1986 |
| 13. | ਡਾ. ਗੁਰੂਮੇਲ | ਅਮਰੀਕਾ | 1986 |
| 14. | ਦੇਵ | ਸਵਿਟਜ਼ਰਲੈਂਡ | 1986 |
| 15. | ਸ਼ਿਵਚਰਨ ਗਿੱਲ | ਇੰਗਲੈਂਡ | 1986 |

| | | | |
|---|---|---|---|
| 16. | ਡਾ. ਹਰਿਭਜਨ ਸਿੰਘ | ਭਾਰਤ | 1987 |
| 17. | ਡਾ. ਜਸਬੀਰ ਸਿੰਘ ਆਹਲੂਵਾਲੀਆ | ਭਾਰਤ | 1988 |
| 18. | ਬਲਵੰਤ ਗਾਰਗੀ | ਭਾਰਤ | 1989 |
| 19. | ਹਰਦੇਵ ਸਿੰਘ (ਚਿਤਰਕਾਰ) | ਕੈਨੇਡਾ | 1989 |
| 20. | ਤਾਰਾ ਸਿੰਘ | ਭਾਰਤ | 1990 |
| 21. | ਗੁਲਜ਼ਾਰ ਸਿੰਘ ਸੰਧੂ | ਭਾਰਤ | 1990 |
| 22. | ਅਜਮੇਰ ਸਿੰਘ ਔਲਖ | ਭਾਰਤ | 1990 |
| 23. | ਡਾ. ਤੇਜਵੰਤ ਸਿੰਘ ਗਿੱਲ | ਭਾਰਤ | 1991 |
| 24. | ਅਮਰਜੀਤ ਸਿੰਘ (ਅਕਸ) | ਭਾਰਤ | 1992 |
| 25. | ਤਾਰਾ ਸਿੰਘ ਹੇਅਰ | ਕੈਨੇਡਾ | 1992 |
| 26. | ਡਾ. ਰਘਬੀਰ ਸਿੰਘ (ਸਿਰਜਣਾ) | ਭਾਰਤ | 1993 |
| 27. | ਡਾ. ਕੁਲਬੀਰ ਸਿੰਘ ਕਾਂਗ | ਭਾਰਤ | 1994 |
| 28. | ਡਾ. ਪ੍ਰੇਮ ਪ੍ਰਕਾਸ਼ ਸਿੰਘ | ਕੈਨੇਡਾ | 1994 |
| 29. | ਡਾ. ਜੋਗਿੰਦਰ ਸਿੰਘ ਪੁਆਰ | ਭਾਰਤ | 1995 |
| 30. | ਡਾ. ਮਨਜੀਤਪਾਲ ਕੌਰ | ਭਾਰਤ | 1996 |
| 31. | ਡਾ. ਸੁਤਿੰਦਰ ਸਿੰਘ ਨੂਰ | ਭਾਰਤ | 1997 |
| 32. | ਪ੍ਰੋ. ਬ੍ਰਹਮਜਗਦੀਸ਼ ਸਿੰਘ | ਭਾਰਤ | 1997 |
| 33. | ਡਾ. ਅਮਰਜੀਤ ਕੌਂਕੇ | ਭਾਰਤ | 1998 |
| 34. | ਇਲਿਆਸ ਘੁੰਮਣ | ਪਾਕਿਸਤਾਨ | 1998 |
| 35. | ਅਮਰ ਜਯੋਤੀ | ਨੀਦਰਲੈਂਡਜ਼ | 1998 |
| 36. | ਡਾ. ਅਖਤਰ ਹੁਸੈਨ ਅਖਤਰ | ਪਾਕਿਸਤਾਨ | 1999 |
| 37. | ਜਸਬੀਰ ਭੁੱਲਰ | ਭਾਰਤ | 2000 |
| 38. | ਅਜੀਤ ਰਾਹੀ | ਆਸਟ੍ਰੇਲੀਆ | 2000 |
| 39. | ਬਲਿਹਾਰ ਸਿੰਘ ਰੰਧਾਵਾ | ਇੰਗਲੈਂਡ | 2000 |
| 40. | ਹਰਭਜਨ ਸਿੰਘ ਹਲਵਾਰਵੀ | ਭਾਰਤ | 2000 |
| 41. | ਅਵਤਾਰ ਜੌੜਾ | ਭਾਰਤ | 2001 |
| 42. | ਡਾ. ਮਨਜੀਤ ਸਿੰਘ | ਭਾਰਤ | 2002 |
| 43. | ਪ੍ਰੋ. ਰਾਸ਼ਦ ਹਸਨ ਰਾਣਾ | ਪਾਕਿਸਤਾਨ | 2005 |

| | | | |
|---|---|---|---|
| 44. | ਪ੍ਰੋ. ਆਸ਼ਿਕ ਰਹੀਲ | ਪਾਕਿਸਤਾਨ | 2006 |
| 45. | ਡਾ. ਵਨੀਤਾ | ਭਾਰਤ | 2007 |
| 46. | ਡਾ. ਸਾਹਿਬ ਸਿੰਘ | ਭਾਰਤ | 2008 |
| 47. | ਪ੍ਰਮਿੰਦਰਜੀਤ | ਭਾਰਤ | 2009 |
| 48. | ਕੇਵਲ ਧਾਲੀਵਾਲ | ਭਾਰਤ | 2010 |
| 49. | ਮਨਜੀਤ ਮੀਤ | ਕੈਨੇਡਾ | 2010 |
| 50. | ਗੁਰਦਿਆਲ ਕੰਵਲ | ਕੈਨੇਡਾ | 2010 |
| 51. | ਚਰਨ ਸਿੰਘ | ਕੈਨੇਡਾ | 2011 |
| 52. | ਡਾ. ਨਿਗਹਤ ਖੁਰਸ਼ੀਦ | ਪਾਕਿਸਤਾਨ | 2012 |
| 53. | ਕੇਵਲ ਧਾਲੀਵਾਲ<br>ਸ਼੍ਰੋਮਣੀ ਨਟ ਸਮਰਾਟ ਪੁਰਸਕਾਰ | ਭਾਰਤ | 2013 |
| 54. | ਕੇਵਲ ਧਾਲੀਵਾਲ<br>ਬਲਵੰਤ ਗਾਰਗੀ ਯਾਦਗਾਰੀ ਰੰਗਮੰਚ ਪੁਰਸਕਾਰ | ਭਾਰਤ | 2016 |
| 55. | ਕੇਵਲ ਧਾਲੀਵਾਲ<br>ਸ਼੍ਰੋਮਣੀ ਕਾਵਿ-ਨਾਟ-ਨਿਰਦੇਸ਼ਕ | ਭਾਰਤ | 2017 |
| 56. | ਕੇਵਲ ਧਾਲੀਵਾਲ<br>ਰੰਗਮੰਚ ਰਤਨ ਪੁਰਸਕਾਰ | ਭਾਰਤ | 2018 |

ਇਆਪਾ ਦੀ ਸ਼ਾਖ: 'ਸਾਹਿਤ ਵਿਚਾਰ ਮੰਚ, ਕੈਨੇਡਾ' ਵਲੋਂ ਹੇਠ ਲਿਖੇ ਸਾਹਿਤਕਾਰਾਂ/ਲੇਖਕਾਂ ਦਾ 'ਵਿਸ਼ਵ ਪੰਜਾਬੀ ਸਾਹਿਤਕਾਰ ਪੁਰਸਕਾਰ' ਨਾਲ ਸਨਮਾਨ ਕੀਤਾ ਗਿਆ। ਪੁਰਸਕਾਰ ਵਿਚ ਸਨਮਾਨ-ਚਿੰਨ੍ਹ, ਪੱਤਰ ਤੇ 500 ਡਾਲਰ ਸ਼ਾਮਿਲ ਹਨ।

| | | | |
|---|---|---|---|
| 1. | ਕੁਲਵੰਤ ਸਿੰਘ ਵਿਰਕ | ਭਾਰਤ | 1983 |
| 2. | ਕਪੂਰ ਸਿੰਘ ਘੁੰਮਣ | ਭਾਰਤ | 1984 |
| 3. | ਡਾ. ਮ. ਸ. ਰੰਧਾਵਾ | ਭਾਰਤ | 1985 |
| 4. | ਪ੍ਰੀਤਮ ਸਿੰਘ ਸਫ਼ੀਰ | ਭਾਰਤ | 1986-87 |
| 5. | ਕੇਵਲ ਧਾਲੀਵਾਲ<br>(ਸ਼੍ਰੋਮਣੀ ਵਿਸ਼ਵ ਰੰਗਕਰਮੀ ਪੁਰਸਕਾਰ) | ਭਾਰਤ | 2014 |

**-ਰਵਿੰਦਰ ਰਵੀ**

ਜੁਲਾਈ 31, 2017

# ਪੁਸਤਕ ਦਰਸ਼ਨ



# ਰਵਿੰਦਰ ਰਵੀ ਦੀਆਂ ਬਹੁ-ਅਰਥੀ ਕਵਿਤਾਵਾਂ : ਸੁਕਰਾਤ ਦਾ ਗੀਤ

ਹਰ ਲੇਖਕ ਕੋਲ ਕਹਿਣ ਨੂੰ ਬਹੁਤ ਕੁਝ ਹੁੰਦਾ ਹੈ। ਸ਼ਬਦਾਂ ਰਾਹੀਂ ਹੀ ਲੇਖਕ ਆਪਣੇ ਮਨੋਭਾਵਾਂ ਨੂੰ ਪ੍ਰਗਟ ਕਰਦੇ ਹਨ। ਵਿਚਾਰਾਂ ਦੇ ਪ੍ਰਗਟਾ ਲਈ ਸਾਹਿਤ ਦੇ ਕਿਸੇ ਵੀ ਰੂਪ ਨੂੰ ਮਾਧਿਅਮ ਬਣਾਇਆ ਜਾ ਸਕਦਾ ਹੈ। ਪਰ ਕੀ ਕਾਰਨ ਹੈ ਕਿ ਸਾਰੇ ਲੇਖਕ ਹੀ ਸਧਾਰਨ ਪਾਠਕਾਂ, ਵਿਦਵਾਨਾ ਅਤੇ ਆਲੋਚਕਾਂ ਦਾ ਧਿਆਨ ਨਹੀਂ ਖਿੱਚਦੇ ? ਇਹ ਵਰਤਾਰਾ ਸਿਰਫ਼ ਪੰਜਾਬੀ ਸਾਹਿਤ ਦੇ ਸੰਦਰਭ ਵਿਚ ਹੀ ਦੇਖਣ ਨੂੰ ਨਹੀਂ ਮਿਲਦਾ ਸਗੋਂ ਹਰ ਭਾਸ਼ਾ ਵਿਚ ਹੀ ਦੇਖਣ ਨੂੰ ਮਿਲਦਾ ਹੈ। ਅੰਗਰੇਜ਼ੀ ਦੇ ਕੁਝ ਅਜਿਹੇ ਸਾਹਿਤਕਾਰ ਹਨ ਜਿਨ੍ਹਾਂ ਨੇ ਆਪ ਓਨਾ ਨਹੀਂ ਲਿਖਿਆ ਜਿੰਨਾ ਉਹਨਾਂ ਸੰਬੰਧੀ ਲਿਖਿਆ ਜਾ ਚੁੱਕਿਆ ਹੈ।

ਅਸਲ ਵਿਚ ਲੇਖਕ ਜਦੋਂ ਕੁਝ ਵੀ ਲਿਖਦਾ ਹੈ ਤਾਂ ਇਹ ਦੇਖਿਆ ਜਾਂਦਾ ਹੈ ਕਿ ਉਸ ਨੇ ਕੀ ਲਿਖਿਆ ਹੈ, ਕਿਵੇਂ ਲਿਖਿਆ ਹੈ, ਉਸ ਦੀ ਸਾਰਥਕਤਾ ਕੀ ਹੈ, ਕੀ ਉਹ ਲੇਖਕ ਦਾ ਵਕਤੀ ਗਵਾਹ ਹੈ ਜਾਂ ਉਸ ਦੀ ਲਿਖਤ ਸਮੇਂ ਦੀ ਸੀਮਾ ਪਾਰ ਕਰਨਯੋਗ ਹੈ ? ਜਿਹੜਾ ਲੇਖਕ ਵਰਤਮਾਨ ਦੀ ਸੀਮਾਂ ਲੰਘ ਕੇ ਭੂਤਕਾਲ ਦਾ ਚੱਕਰ ਲਾ ਆਵੇ ਅਤੇ ਭਵਿੱਖ ਦੇ ਧੁੰਦਲੇ ਪਰਦੇ ਦੇ ਓਹਲੇ ਲੁਕੇ ਵਰਤਾਰਿਆਂ ਨੂੰ ਵੀ ਆਪਣੇ ਕਲਾਵੇ ਵਿਚ ਲੈ ਲਵੇ, ਉਹੀ ਸਾਹਿਤਕਾਰ ਸਦਜੀਵੀ ਹੁੰਦਾ ਹੈ। ਇਸ ਲਈ ਕੁਦਰਤੀ ਪ੍ਰਤਿਭਾ ਦੇ ਨਾਲ-ਨਾਲ ਰਚਨਹਾਰੇ ਦੀ ਕਲਪਨਾ ਸ਼ਕਤੀ, ਲੇਖਣੀ ਦਾ ਮਾਧਿਅਮ ਬਣੇ ਸਾਹਿਤਕ ਰੁਪ ਦੇ ਪਕੜ, ਸ਼ੈਲੀ, ਭਾਸ਼ਾ ਵਿਚ ਪ੍ਰਵੀਨਤਾ, ਪੇਸ਼ ਕੀਤੇ ਜਾ ਰਹੇ ਪਾਤਰਾਂ ਦੇ ਮਨੋਵਿਗਿਆਨ ਨੂੰ ਸਮਝਣ ਦੀ ਸਮਰੱਥਾ ਆਦਿ ਦਾ ਵੀ ਯੋਗਦਾਨ ਹੁੰਦਾ ਹੈ।

ਪੰਜਾਬੀ ਦੇ ਕਈ ਸਾਹਿਤਕਾਰ ਉਪਰੋਕਤ ਪਰਿਭਾਸ਼ਾ ਦੀ ਕਸਵੱਟੀ 'ਤੇ ਖ਼ਰੇ ਉੱਤਰਦੇ ਹਨ। ਇਸੇ ਲਈ ਉਹਨਾਂ ਰਚਿਤ ਸਾਹਿਤ ਸਮਾਂ ਬੀਤਣ ਤੇ ਵੀ ਆਪਣੀ ਕਲਾ ਨਾਲ ਪਾਠਕਾਂ ਅਤੇ ਆਲੋਚਕਾਂ ਨੂੰ ਪ੍ਰਭਾਵਿਤ ਕਰ ਰਿਹਾ ਹੈ। ਰਵਿੰਦਰ

ਰਵੀ ਪੰਜਾਬੀ ਦਾ ਇਕ ਅਜਿਹਾ ਹੀ ਸਮਰੱਥ ਸਾਹਿਤਕਾਰ ਹੈ, ਜੋ 84 ਸਾਲ ਦੀ ਪ੍ਰੌੜ੍ਹ ਉਮਰ ਵਿਚ ਵੀ 'ਸਾਹਿਤਕ ਜਵਾਨੀ' ਮਾਣ ਰਿਹਾ ਹੈ। ਉਹ ਨਿਰੰਤਰ ਲਿਖ ਰਿਹਾ ਹੈ, ਪਾਠਕ ਉਸ ਨੂੰ ਪੜ੍ਹਦੇ ਹਨ, ਆਲੋਚਕ ਉਸ ਦੀਆਂ ਸਾਹਿਤਕ ਕਿਰਤਾਂ ਦੇ ਮਿਆਰ ਦੀ ਕਦਰ ਕਰਦੇ ਹਨ ਅਤੇ ਅਕਾਦਮਿਕ ਡਿਗਰੀਆਂ ਲੈਣ ਵਾਲੇ ਉਸ ਦੀਆਂ ਸਾਹਿਤਕ ਰਚਨਾਵਾਂ ਤੇ ਐਮ.ਫਿਲ ਅਤੇ ਪੀ.ਐਚ.ਡੀ. ਪੱਧਰ ਦੀਆਂ ਡਿਗਰੀਆਂ ਪ੍ਰਾਪਤ ਕਰ ਰਹੇ ਹਨ। ਭਾਵੇਂ ਸਮੇਂ ਦੇ ਬਦਲਣ ਨਾਲ ਸਾਹਿਤਕ ਰੂਪਾਂ ਵਿਚ ਬਣਤਰ ਅਤੇ ਬੁਣਤਰ ਦੇ ਪੱਖੋਂ ਬਦਲਾਵ ਹੋ ਰਹੇ ਹਨ, ਆਲੋਚਨਾ ਦੀਆਂ ਨਵੀਆਂ ਪਰਪਾਟੀਆਂ ਸਾਹਮਣੇ ਆ ਰਹੀਆਂ ਹਨ, ਪਰ ਰਵੀ ਦੀ ਖ਼ੂਬੀ ਇਹ ਹੈ ਕਿ ਉਹ ਆਪਣੀਆਂ ਸਾਹਿਤਕ ਗਤੀਵਿਧੀਆਂ ਨੂੰ ਸਮੇਂ ਅਨੁਸਾਰ ਨਵੀਂ ਦਿਸ਼ਾ ਪ੍ਰਦਾਨ ਕਰਦਾ ਹੋਇਆ ਹੁਣਵਾਦ, ਪੜ-ਯਥਾਰਥਵਾਦ, ਸ਼ੂਨਯਵਾਦ ਆਦਿ ਦੀ ਗੱਲ ਵੀ ਬਾ-ਖ਼ੂਬੀ ਕਰਦਾ ਹੈ। ਰਵੀ ਨੇ ਇਸ ਪੁਸਤਕ ਦੇ ਮੁੱਢ ਵਿਚ ਇਹ ਲਿਖਿਆ ਹੈ ਕਿ "ਵਿਦੇਸ਼ੀ ਦੌਰਿਆਂ ਕਾਰਨ ਮੇਰੇ ਅਨੁਭਵ ਜਗਤ ਵਿਚ ਵਿਸ਼ਾਲਤਾ ਆਈ ਹੈ।"

ਰਵਿੰਦਰ ਰਵੀ ਦੀ ਨਵ-ਪ੍ਰਕਾਸ਼ਿਤ ਪੁਸਤਕ 'ਸੁਕਰਾਤ ਦਾ ਗੀਤ' ਮੈਂ ਦੋ ਵਾਰ ਪੜ੍ਹੀ ਹੈ। ਸੁਕਰਾਤ ਵਿਸ਼ਵ ਪ੍ਰਸਿੱਧ ਦਾਰਸ਼ਨਿਕ ਹੋਇਆ ਹੈ, ਜੋ ਯੂਨਾਨ ਵਿਚ 440 ਬੀ.ਸੀ. ਵਿਚ ਪੈਦਾ ਹੋਇਆ ਸੀ। ਉਸ ਦੇ ਦਾਰਸ਼ਨਿਕ ਵਿਚਾਰ ਅੱਜ ਦੇ ਸਮੇਂ ਵੀ ਪ੍ਰਸੰਗਿਕ ਹਨ। ਉਸ ਨੂੰ ਪੱਛਮੀ ਦਾਰਸ਼ਨਿਕ ਵਿਚਾਰਧਾਰਾ ਦਾ ਮੋਢੀ ਮੰਨਿਆ ਜਾਂਦਾ ਹੈ। ਉਸ ਦੀ ਖ਼ਾਸੀਅਤ ਇਹ ਸੀ ਕਿ ਉਹ ਆਪਣੇ ਗੁੰਝਲਦਾਰ ਵਿਚਾਰਾਂ ਨੂੰ ਵੀ ਸਾਧਾਰਨ ਢੰਗ ਨਾਲ ਪੇਸ਼ ਕਰਦਾ ਸੀ, ਜਿਸ ਕਰਕੇ ਆਮ ਲੋਕ ਵੀ ਉਸ ਦੀਆਂ ਗੁੱਝੀਆਂ ਗੱਲਾਂ ਨੂੰ ਸਮਝ ਜਾਂਦੇ ਸਨ।

ਰਵੀ ਨੇ ਸ਼ਾਇਦ ਆਪਣੀ ਪ੍ਰਸਤੁਤ ਪੁਸਤਕ ਦਾ ਨਾਮਕਰਨ ਸੁਕਰਾਤ ਦੀ ਜੀਵਨ-ਸ਼ੈਲੀ ਨੂੰ ਧਿਆਨ ਵਿਚ ਰੱਖ ਕੇ ਕੀਤਾ ਹੈ ਜਾਂ ਇਹ ਸੰਯੋਗ ਹੀ ਹੈ। 'ਸੁਕਰਾਤ ਦਾ ਗੀਤ' ਕਾਵਿ ਸੰਗ੍ਰਹਿ ਦੀਆਂ ਬਹੁਤੀਆਂ ਕਵਿਤਾਵਾਂ ਸੁਕਰਾਤ ਦੇ ਦਰਸ਼ਨ ਦੀ ਤਰ੍ਹਾਂ ਬਹੁ-ਅਰਥੀ ਹਨ। ਰਵੀ ਦੀ ਕਵਿਤਾ ਸੰਬੰਧੀ ਉਸ ਦੇ ਇਸ ਕਥਨ ਨੂੰ ਵੀ ਵਾਚਿਆ ਜਾਣਾ ਚਾਹੀਦਾ ਹੈ-"ਮੇਰਾ ਇਹ ਮੱਤ ਰਿਹਾ ਹੈ ਕਿ ਆਧੁਨਿਕ/ਉੱਤਰ ਆਧੁਨਿਕ ਬੌਧਿਕ ਕਵਿਤਾ ਦੇ ਇਕ ਤੋਂ ਵਧੀਕ ਅਰਥ (Interpretation) ਪ੍ਰਸਤੁਤ ਕੀਤੇ ਜਾ ਸਕਦੇ ਹਨ। ਵੇਖਣ ਵਾਲੇ ਦੀ ਨਜ਼ਰ ਉੱਤੇ ਨਿਰਭਰ ਹੈ ਕਿ ਉਸ ਨੇ ਕੀ ਵੇਖਿਆ, ਜਾਂ ਕੀ ਸਮਝਿਆ ? ਉਸ ਕੋਲ ਬਹੁ-ਪਰਤੀ ਗੱਲਾਂ ਨੂੰ ਸਧਾਰਨ ਭਾਸ਼ਾ ਵਿਚ ਪ੍ਰਗਟਾਉਣ ਦਾ ਹੁਨਰ ਹੈ। ਉਹ ਆਪਣੇ ਸਧਾਰਨ ਪਾਠਕਾਂ ਲਈ ਜਿੱਥੇ ਸਤਹੀ ਅਰਥ ਪ੍ਰਦਾਨ ਕਰਦਾ ਹੈ, ਉਥੇ ਦੂਰ ਦੀ ਸੋਚਣ ਵਾਲੇ, ਹਰ ਕਿਸੇ ਗੱਲ ਦੇ ਲੁਕਵੇਂ ਅਰਥਾਂ ਦੀ ਤਹਿ ਤੱਕ ਪਹੁੰਚਣ ਵਾਲੇ ਪਾਠਕਾਂ ਦੀ ਭੁੱਖ ਨੂੰ ਵੀ ਤ੍ਰਿਪਤ ਕਰਦਾ ਹੈ। ਇਸ ਪੱਖੋਂ ਉਸ ਦੀ ਕਵਿਤਾ

'ਮੁਹੱਬਤ : ਮਜ਼ੇਦਾਰ ਹਾਦਸਾ' ਨੂੰ ਵਾਚਿਆ ਜਾ ਸਕਦਾ ਹੈ। ਉਸ ਨੇ ਮੁਹੱਬਤ ਦੇ ਵੱਖੋ-ਵੱਖ ਰੂਪਾਂ ਨੂੰ ਅਜਿਹੇ ਢੰਗ ਨਾਲ ਕਲਮਬੱਧ ਕੀਤਾ ਹੈ ਕਿ ਪਾਠਕ ਆਪ ਮੁਹਾਰੇ ਕਵਿਤਾ ਦੀਆਂ ਗੁੱਝੀਆਂ ਰਮਜ਼ਾਂ ਦਾ ਆਨੰਦ ਮਾਣਦੇ ਹਨ :-

ਮੁਹੱਬਤ,/ ਸੋਚ 'ਚੋਂ ਨਹੀਂ
ਅਹਿਸਾਸ 'ਚੋਂ ਪੈਦਾ ਹੁੰਦੀ ਹੈ 111
ਮੁਹੱਬਤ,/ ਦੋ ਵਜੂਦਾਂ ਦੇ ਟਕਰਾਅ 'ਚੋਂ
ਪੈਦਾ ਹੋਇਆ ਅਦਭੁਤ ਹਾਦਸਾ ਹੈ।

ਇਕ ਹੋਰ ਕਵਿਤਾ ਵੀ ਮੁਹੱਬਤ ਦੇ ਬਹੁ-ਪਰਤੀ ਵਰਤਾਰੇ ਨੂੰ ਪੇਸ਼ ਕਰਦੀ ਹੈ। ਇਸ ਕਵਿਤਾ (ਮੁਹੱਬਤ ਦਾ ਮਾਡਲ) ਵਿਚ ਵੀ ਕਵੀ ਨੇ ਮੁਹੱਬਤ ਦੇ ਵੱਖ-ਵੱਖ ਰੂਪਾਂ ਦੇ ਸ਼ਬਦੀ ਚਿੱਤਰ ਉਲੀਕੇ ਹਨ :-

ਮੁਹੱਬਤ, /ਜਜ਼ਬਾਤ ਅਤੇ ਅਹਿਸਾਸ ਦੀ
ਭਾਸ਼ਾ ਹੈ।
ਮੁਹੱਬਤ, /ਅਰਥ ਦੇ,/
ਸ਼ਬਦ ਵਿਚ, /ਜਿਊਣ ਦੀ ਗਾਥਾ ਹੈ।

ਮੁਹੱਬਤ ਬਾਰੇ ਹੀ ਉਹ ਲਿਖਦਾ ਹੈ :-

ਮੁਹੱਬਤ ਵਿਚ, /ਮੈਂ ਤੂੰ ਦੀ ਵਿੱਥ ਨਹੀਂ ਰਹਿੰਦੀ।

ਪੁਸਤਕ ਦੀ ਪਹਿਲੀ ਹੀ ਕਵਿਤਾ 'ਸੁਕਰਾਤ ਦਾ ਗੀਤ' ਵਿਚ ਕਵੀ ਲਿਖਦਾ ਹੈ :-

ਅਸੀਂ ਬਿੰਦੂਆਂ ਤੋਂ ਦਾਇਰੇ ਹੀ ਬਣਾਉਂਦੇ ਰਹੇ।

ਤੈਨੂੰ ਅੰਦਰੋਂ ਤੇ ਬਾਹਰੋਂ,
ਅਸੀਂ ਬਹੁਤ ਫੋਲਿਆ !
ਤੂੰ ਸਦਾ ਹੀ ਰਹੀ,
ਅਗਿਆਤ ਨੀ।

ਅਸਲ ਵਿਚ ਇਹ ਬਿੰਦੂ, ਦਾਇਰੇ ਕੀ ਹਨ ? ਇਨ੍ਹਾਂ ਵੱਲ ਕਵੀ ਨੇ ਕੋਈ ਇਸ਼ਾਰਾ ਵੀ ਨਹੀਂ ਕੀਤਾ। ਇੱਥੇ ਪਾਠਕ ਆਪਣੇ ਬੌਧਿਕ ਪੱਧਰ ਅਨੁਸਾਰ ਹੀ ਆਪਣੀ ਕਲਪਨਾ ਦੇ ਘੋੜੇ ਦੌੜਾ ਸਕਦਾ ਹੈ। ਇਸੇ ਹੀ ਕਵਿਤਾ ਵਿਚ ਕਵੀ, ਪਾਠਕਾਂ ਦੀ ਸੋਚ ਨੂੰ ਹੋਰ ਟੁੰਬਣ ਦਾ ਯਤਨ ਕਰਦਾ ਹੋਇਆ ਲਿਖਦਾ ਹੈ :-

ਤੇਰੇ ਉੱਤਰਾਂ 'ਚੋਂ, /ਜੰਮਦੇ ਸਵਾਲ ਹੀ ਰਹੇ
ਵਿਸ਼ ਪੀਂਦਾ ਰਿਹਾ /ਸਦਾ ਸੁਕਰਾਤ ਨੀ।

'ਆਪੋ ਆਪਣੇ ਸੁਕਰਾਤ' ਵਿਚ ਵੀ ਕਵੀ 'ਜਵਾਬ' ਵਿਚੋਂ ਹੀ 'ਸਵਾਲ' ਢੂੰਡਣ ਦੀ ਗੱਲ ਕਰਦਾ ਹੋਇਆ ਲਿਖਦਾ ਹੈ, ''ਸੁਕਰਾਤ ਬਣ ਜਾਂਦਾ ਹੈ।'' ਭਾਵ ਕਵੀ ਨੇ ਚਾਰ ਸ਼ਬਦਾਂ ਰਾਹੀਂ ਹੀ ਸੁਕਰਾਤ ਦੇ ਦਰਸ਼ਨ ਦੇ ਮੁੱਖ ਨੁਕਤੇ ਨੂੰ ਬਿਆਨ ਕਰ ਦਿੱਤਾ ਹੈ।

ਰਵਿੰਦਰ ਰਵੀ ਆਪਣੇ ਕਾਵਿ ਸੰਸਾਰ ਰਾਹੀਂ ਕੇਵਲ 'ਸ਼ਬਦਾਂ-ਅਰਥਾਂ' ਦੀ ਘੁੰਮਣਘੇਰੀ ਨੂੰ ਹੀ ਨਹੀਂ ਪ੍ਰਗਟਾਉਂਦਾ ਸਗੋਂ ਬੜੇ ਕਲਾਮਈ ਢੰਗ ਨਾਲ ਪਾਠਕਾਂ ਨਾਲ ਸੰਵਾਦ ਰਚਾ ਕੇ ਉਹਨਾਂ ਨੂੰ ਇਕ ਨਰੋਈ ਸੇਧ ਵੀ ਦਿੰਦਾ ਹੈ। 'ਹੁਣ ਦਾ ਦਰਸ਼ਨ' ਕਵਿਤਾ ਵਿਚ ਉਸਦੀਆਂ ਇਹ ਪੰਕਤੀਆਂ ਵਿਚਾਰਯੋਗ ਹਨ :

ਹੁਣ ਦੀ ਹੁਣ ਅਸੀਂ ਜੀਣਾ ਸਿੱਖਿਆ
ਕੱਲ੍ਹ, ਭਲਕ ਦਾ ਨਹੀਂ ਜ਼ਮਾਨਾ
ਦਹਿਸ਼ਤਗਰਦ, ਕੋਰੋਨਾ ਸਾਡਾ
ਪਤਾ ਨਹੀਂ ਕਦ ਕਰਨ ਨਿਸ਼ਾਨਾ !

ਕਵੀ ਨੇ ਵਰਤਮਾਨ ਸਮੇਂ ਵਿਚ ਫੈਲੀ ਕਰੋਨਾ ਦੀ ਮਹਾਂਮਾਰੀ ਦੀ ਉਦਾਹਰਨ ਦੇ ਕੇ ਸਭ ਨੂੰ ਸੁਚੇਤ ਕੀਤਾ ਹੈ ਕਿ ਵਰਤਮਾਨ ਦੀ ਫ਼ਿਕਰ ਕਰੋ ਅਤੇ ਬੀਤ ਚੁੱਕੇ ਸਮੇਂ ਤੇ ਅਫ਼ਸੋਸ ਕਰਨਾ ਜਾਂ ਆਉਣ ਵਾਲੇ ਸਮੇਂ ਸੰਬੰਧੀ ਫ਼ਿਕਰਮੰਦ ਹੋਣਾ ਛੱਡ ਦਿਉ। ਅਸਲ ਵਿਚ ਕਵੀ ਭਾਰਤੀ ਲੋਕਾਂ ਨੂੰ ਪੱਛਮੀ ਦੇਸ਼ਾਂ ਦੇ ਵਰਤਾਰੇ ਨਾਲ ਜੋੜਨਾ ਚਾਹੁੰਦੇ ਹੈ ਜਿੱਥੇ ਲੋਕ ਭਵਿੱਖਵਾਦੀ ਨਾ ਹੋ ਕੇ ਵਰਤਮਾਨ ਨੂੰ ਮਾਨਣ ਦੇ ਹੱਕ ਵਿਚ ਹਨ। ਇਸੇ ਕਵਿਤਾ ਵਿਚ ਹੀ ਉਹ ਆਪਣੀ ਵਿਚਾਰਧਾਰਾ ਨੂੰ ਹੋਰ ਸਪੱਸ਼ਟ ਕਰਕੇ ਲਿਖਦਾ ਹੈ :-

ਆਦਿ ਵੀ 'ਨੇਰਾ', ਅੰਤ ਵੀ 'ਨੇਰਾ'
ਹੁਣ ਦਾ ਦਰਸ਼ਨ ਹੁਣ 'ਚੋਂ ਪਾਣਾ !!!

ਸ਼ਬਦ-ਅਰਥ ਦੇ ਕਾਲ ਚੱਕਰ ਨੂੰ ਪੇਸ਼ ਕਰਦੀ ਇਸ ਪੁਸਤਕ ਦੀ ਇਕ ਹੋਰ ਵਧੀਆ ਨਜ਼ਮ 'ਆਂਡੇ ਦੀ ਉਡਾਣ' ਹੈ। ਕਵੀ ਨੇ ਇਕ ਨਵਾਂ ਵਿਚਾਰ ਪੇਸ਼ ਕੀਤਾ ਹੈ ਕਿ 'ਹਰ ਪੰਛੀ ਲਈ ਅੰਬਰ ਦੀ ਉਡਾਰੀ ਵੀ ਵੱਖਰੇ ਅਰਥਾਂ ਵਾਲੀ ਹੈ। ਪੰਛੀ ਦੇ ਆਂਡੇ ਤੋਂ ਹੀ ਇਹ ਜੰਮ ਪੈਂਦੀ ਹੈ।'

ਆਦਿ ਦਾ ਅਨੰਤ ਇਤਿਹਾਸ, ਬੁੱਲਾ ਬਾਤ, ਬੁਝਾਰਤ ਬੁੱਲਾ, ਸ਼ਾਇਰ

ਦਾ ਦਿਲ, ਬੀਜ ਬਨਾਮ ਬੇ ਬੀਜ, ਸ਼ਬਦ : ਮੈਂ ਤੇ ਤੂੰ ਆਦਿ ਕਵਿਤਾਵਾਂ ਵਿਚ ਵੀ ਕਵੀ ਨੇ ਸ਼ਬਦ-ਅਰਥਾਂ ਵਾਲੇ ਚਿੰਤਨ ਨੂੰ ਹੀ ਵੱਖ-ਵੱਖ ਰੂਪਾਂ ਵਿਚ ਪ੍ਰਗਟਾਇਆ ਹੈ। 'ਬੀਜ ਬਨਾਮ ਬੇ-ਬੀਜ' ਕਵਿਤਾ ਪੰਜਾਬੀ ਕਾਵਿ ਜਗਤ ਵਿਚ ਇਕ ਵੱਖਰੀ ਪ੍ਰਕਾਰ ਦੀ ਕਵਿਤਾ ਹੈ, ਜਿਸ ਵਿਚ ਰਵਿੰਦਰ ਰਵੀ ਨੇ ਇਕ ਨਵੀਂ ਹੀ ਫ਼ਿਲਾਸਫ਼ੀ ਨੂੰ ਕਲਮਬੱਧ ਕੀਤਾ ਹੈ। ਇਸ ਕਵਿਤਾ ਵਿਚ ਕਵੀ ਨੇ ਇਹ ਦਰਸਾਉਣ ਦਾ ਯਤਨ ਕੀਤਾ ਹੈ ਕਿ ਚਿੰਤਨ ਦੇ ਆਪਣੇ ਆਪਣੇ ਅਰਥ ਹੋ ਸਕਦੇ ਹਨ। ਹਰ ਪਾਠਕ ਆਪਣੀ ਸੋਚ ਮੁਤਾਬਕ ਅਰਥ ਕੱਢ ਸਕਦਾ ਹੈ।

ਇਸ ਕਾਵਿ-ਸੰਗ੍ਰਹਿ ਦੀ ਇਕ ਹੋਰ ਭਾਵਪੂਰਤ ਕਵਿਤਾ ਹੈ 'ਰਚਨਾ ਬਨਾਮ ਫਹਿਰਿਸਤਕਾਰੀ'। ਕਵਿਤਾ ਨੂੰ ਮਨ ਦਾ ਆਪਮੁਹਾਰਾ ਵੇਗ ਕਿਹਾ ਜਾਂਦਾ ਹੈ। ਦਿਲ ਦੀ ਗਹਿਰਾਈ 'ਚੋਂ ਉੱਤਰੀ ਕਵਿਤਾ ਹੀ ਅਸਲੀ ਕਵਿਤਾ ਹੁੰਦੀ ਹੈ, ਜਿਸ ਨੂੰ ਬਾਅਦ ਵਿਚ ਸੋਚ ਵਿਚਾਰ ਕੇ ਸਵਾਰਿਆ ਜਾ ਸਕਦਾ ਹੈ, ਪਰ ਜਦੋਂ ਸੋਚ ਕੇ, ਸ਼ਬਦਾਂ ਨੂੰ ਤਲਾਸ਼ ਕੇ, ਬਿੰਬਾਂ ਨੂੰ ਤਰਾਸ਼ ਕੇ ਕਵਿਤਾ ਲਿਖੀ ਜਾਵੇ, ਤਾਂ ਅਜਿਹੀ ਕਵਿਤਾ ਰਵੀ ਅਨੁਸਾਰ 'ਫਹਿਰਿਸਤਕਾਰੀ' ਹੋ ਨਿਬੜਦੀ ਹੈ, ਕਿਉਂਕਿ ਕਵੀ ਦਾ ਕਹਿਣਾ ਹੈ ਕਿ ਰਚਨਾ ਤਾਂ ਸੁਨਾਮੀ, ਤੇਜ ਵਰੋਲੇ ਵਾਂਗ, ਪਲ ਛਿਣ ਵਿਚ ਘਟਣ ਵਾਲੀ ਪ੍ਰਕਿਰਿਆ ਹੈ।

ਰਵੀ ਨੇ ਅੱਜ ਦੇ ਸਮੇਂ ਵਿਚ ਵਾਪਰ ਰਹੇ ਨਵੇਂ ਵਰਤਾਰਿਆਂ ਨੂੰ ਵੀ ਆਪਣੀਆਂ ਕਵਿਤਾਵਾਂ ਦਾ ਵਿਸ਼ਾ ਬਣਾਇਆ ਹੈ, ਜਿਵੇਂ : ਚਾਬੀਆਂ ਵਾਲੀ ਪਤਨੀ, ਫੇਸਬੁੱਕ ਟੱਬਰ, ਫੇਸਬੁੱਕ ਦੀ ਦੋਸਤੀ ਤੇ ਮੈਂ, ਕਰੋਨਾ ਕਾਲ ਵਿਚ ਮੇਲ : ਟੋਟਕੇ, ਕਿਸਾਨ ਅੰਦੋਲਨ, ਸ਼ਾਸ਼ਕ ਭਵਨ ਦਾ ਗੰਗਾ ਰਾਮ, ਸਜ਼ਾ ਤੇ ਸਰਾਪ : ਮੋਦੀ ਤੇ ਕੈਪਟਨ ਦੇ ਨਾਂ, ਲੋਕ ਰਾਜ ਫਿਰ ਸੇਲ ਦੇ ਉੱਤੇ, ਪੰਜਾਬ ਦੇ ਚੋਣ-ਦੰਗਲ ਆਦਿ (ਆਖ਼ਿਰੀ ਚਾਰ ਕਵਿਤਾਵਾਂ ਸਾਡੇ ਮੁਲਕ ਦੇ ਸੰਦਰਭ ਵਿਚ ਹਨ)।

ਰਵੀ ਕੋਲ ਨਵੇਂ ਸ਼ਬਦ ਲੱਭਣ ਦੀ ਅਤੇ ਤਿੱਖਾ ਵਿਅੰਗ ਕਰਨ ਦੀ ਕਲਾ ਹੈ। ਕਰੋਨਾ ਦੀ ਗੱਲ ਕਰਦਾ ਉਹ ਕਹਿੰਦਾ ਹੈ :-

ਜਫ਼ੀ ਘੁੱਟ ਕੇ ਅੱਖਾਂ ਨਾਲ ਪਾਈਏ
ਛੇ ਫੁੱਟ ਫਾਸਲੇ ਤੋਂ।

ਲੁਕਨ-ਲੁਕਾਈ ਦੀ ਖੇਡ ਲਈ ਉਹ 'ਲੁੱਕ-ਲੱਭ' ਸ਼ਬਦ ਵਰਤਦਾ ਹੈ।

ਉਹ ਕਈ ਕਵਿਤਾਵਾਂ ਵਿਚ ਅੰਤਿਮ ਸੱਚ ਵੀ ਪ੍ਰਗਟ ਕਰ ਜਾਂਦਾ ਹੈ। ਉਦਾਹਰਨ ਦੇ ਤੌਰ ਤੇ ਉਸ ਦੀ ਕਵਿਤਾ 'ਖ਼ਵਾਬ ਤੋਂ ਖ਼ਵਾਬ ਤੱਕ' ਵਿਚ ਉਹ ਇਨਕਲਾਬ ਅਤੇ ਭਰਮਾਂ ਸੰਬੰਧੀ ਲਿਖਦਾ ਹੈ :-

ਇਨਕਲਾਬ ਪੂਰਨ ਰੂਪ ਵਿਚ
ਆਉਂਦਾ ਫਿਰ ਵੀ ਨਹੀਂ

ਅਤੇ

ਭਰਮ ਕੇਵਲ ਭਰਮ ਹੈ,/ਇਸ ਨੂੰ ਸਿਰਜਿਆ ਜਾ ਸਕਦਾ ਹੈ,
ਪਰ ਇਸ ਤੱਕ ਪਹੁੰਚਿਆ ਨਹੀਂ।

'ਜ਼ਿੰਦਗੀ ਮੌਤ ਦੇ ਨਾਲ-ਨਾਲ' ਕਵਿਤਾ ਵਿਚ ਉਸ ਦਾ ਫ਼ਲਸਫ਼ਾਨਾ ਅੰਦਾਜ਼ ਵੀ ਪ੍ਰਭਾਵਿਤ ਕਰਦਾ ਹੈ :-

'ਜ਼ਿੰਦਗੀ ਵਾਂਗ ਹੀ ਮੌਤ ਨੂੰ ਜੀ ਆਇਆਂ ਆਖੀਏ।'

ਰਵਿੰਦਰ ਰਵੀ ਆਪਣੀ ਪ੍ਰਸਤੁਤ ਪੁਸਤਕ ਰਾਹੀਂ ਇਕ ਵਾਰ ਫੇਰ ਆਪਣੀ ਕਾਵਿ-ਕਲਾ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਨ ਦੇ ਨਾਲ, ਨਾਲ ਪੰਜਾਬੀ ਕਾਵਿ-ਜਗਤ ਵਿਚ ਆਪਣੀ ਸ੍ਰੇਸ਼ਟਤਾ ਦਾ ਪਰਚਮ ਬੁਲੰਦ ਕਰਦਾ ਹੈ।

**ਰਵਿੰਦਰ ਸਿੰਘ ਸੋਢੀ**
ਰਿਚਮੰਡ, ਕੈਨੇਡਾ
ਫੋਨ : 001-604-368-2371
-14 ਜਨਵਰੀ, 2022 ਨੂੰ 'ਫੇਸਬੁੱਕ' ਉੱਤੇ ਪੋਸਟ ਕੀਤਾ ਗਿਆ-
-15 ਜਨਵਰੀ, 2022 ਨੂੰ 'ਸਰੋਕਾਰ' (Web Magazine - Sarokar.ca),
16, ਜਨਵਰੀ, 2022 ਨੂੰ 'ਪੰਜਾਬੀ' (ਹਾਲੈਂਡ) ਅਤੇ ਇਸੇ ਦਿਨ
'ਆਸ਼ਿਆਨਾ' (ਪਟਿਆਲਾ) ਵਿੱਚ ਪ੍ਰਕਾਸ਼ਿਤ ਹੋਇਆ-

# ਦਿੱਸਦੇ ਯਥਾਰਥ ਤੋਂ ਪਾਰ ਦੇ ਦੂਰ ਅੰਦੇਸ਼ ਸਿੱਟਿਆਂ ਦੀ ਨਿਸ਼ਾਨਦੇਹੀ ਕਰਦੀ ਕਵਿਤਾ

ਸਾਹਿਤ ਦੇ ਖੇਤਰ ਵਿਚ ਆਉਣ ਵਾਲੀ ਕੋਈ ਵੀ ਤਬਦੀਲੀ ਸਮਾਜਿਕ, ਆਰਥਿਕ ਤੇ ਸਭਿਆਚਾਰਕ ਖੇਤਰਾਂ ਵਿਚ ਆਉਣ ਵਾਲੀਆਂ ਤਬਦੀਲੀਆਂ ਨਾਲ ਹੀ ਅੰਤਰ-ਸਬੰਧਤ ਹੁੰਦੀ ਹੈ। ਜਦੋਂ ਸਮਾਜਿਕ ਤੇ ਆਰਥਿਕ ਖੇਤਰ ਵਿਚ ਵੱਡੇ ਬਦਲਾਅ ਆਉਂਦੇ ਹਨ ਤਾਂ ਸਾਹਿਤ ਤੇ ਕਲਾ ਦੇ ਖੇਤਰ ਵਿਚ ਤਿੱਖੀਆਂ ਤੇ ਹੈਰਾਨਕੁੰਨ ਤਬਦੀਲੀਆਂ ਆਉਣ ਦੀ ਜ਼ਮੀਨ ਆਪਣੇ ਆਪ ਤਿਆਰ ਹੋ ਜਾਂਦੀ ਹੈ। ਸਮੇਂ ਨਾਲ ਆਈ ਨਵੀਨਤਾ ਨੂੰ ਆਪਣੇ ਵਿਚ ਆਤਮਸਾਤ ਕਰਨ ਅਤੇ ਆਪਣੀ ਸੋਚ ਨੂੰ ਇਸ ਦੇ ਅਨੁਸਾਰ ਬਣਾਉਣ ਦਾ ਅਮਲ ਹਰ ਦੌਰ ਦੇ ਲੇਖਕਾਂ ਲਈ ਇਕ ਵੱਡੀ ਚੁਣੌਤੀ ਰਿਹਾ ਹੈ। ਆਪਣੇ ਆਪ ਨੂੰ ਸਾਹਿਤ ਦੀਆਂ ਆਧੁਨਿਕ ਪ੍ਰਵਿਰਤੀਆਂ ਤੇ ਝੁਕਾਵਾਂ ਅਨੁਸਾਰ ਨਵਿਆਉਣ ਤੋਂ ਅਸਮਰੱਥ ਲੇਖਕ ਇਸ ਖੇਤਰ ਵਿਚ ਆਪਣੀ ਹੋਂਦ ਨੂੰ ਬਹੁਤਾ ਸਮਾਂ ਬਰਕਰਾਰ ਨਹੀਂ ਰੱਖ ਸਕਦੇ। ਜੇ ਆਪਣੇ ਅੰਦਰਲੀ ਸਾਹਿਤਕ ਪ੍ਰਤਿਭਾ ਨੂੰ ਨਵਿਆਉਣ ਜਾਂ ਅੱਪਡੇਟ ਕਰਨ ਦੇ ਮਾਮਲੇ ਵਿੱਚ ਕੋਈ ਲੇਖਕ ਹੁਣ ਤੱਕ ਸਭ ਤੋਂ ਵੱਧ ਕਾਮਯਾਬ ਹੋਇਆ ਹੈ ਤਾਂ ਉਹ ਹੈ ਸਾਡਾ ਪ੍ਰਬੁੱਧ ਕਵੀ, ਕਹਾਣੀਕਾਰ ਤੇ ਨਾਟਕਕਾਰ ਰਵਿੰਦਰ ਰਵੀ। ਸੰਨ 1961 ਵਿੱਚ ਪ੍ਰਕਾਸ਼ਿਤ ਹੋਏ ਉਸ ਦੇ ਪਲੇਠੇ ਕਾਵਿ ਸੰਗ੍ਰਹਿ 'ਦਿਲ ਦਰਿਆ ਸਮੁੰਦਰੋਂ ਡੂੰਘੇ' ਤੇ ਉਸ ਦੇ ਹੱਥਲੇ ਕਾਵਿ ਸੰਗ੍ਰਹਿ 'ਸੁਕਰਾਤ ਦਾ ਗੀਤ' ਵਿਚਕਾਰਲੇ ਛੇ ਦਹਾਕਿਆਂ ਤੋਂ ਵੱਧ ਸਮੇਂ ਦੇ ਅੰਤਰਾਲ ਵਿੱਚ ਛਪੀਆਂ ਉਸਦੀਆਂ ਕਾਵਿ-ਲਿਖਤਾਂ ਪੜ੍ਹਦਿਆਂ ਕਿਤੇ ਵੀ ਇਹ ਮਹਿਸੂਸ ਨਹੀਂ ਹੁੰਦਾ ਕਿ ਉਸ ਦੀ ਕਵਿਤਾ ਨੇ ਆਪਣੇ ਆਪ ਨੂੰ ਦੁਹਰਾਇਆ ਹੈ। ਇਕ ਕਵੀ ਦੇ ਤੌਰ 'ਤੇ ਆਪਣੇ ਸਮਕਾਲ ਵਿਚ ਵਾਪਰਣ ਵਾਲੇ ਮਨੁੱਖਤਾ ਵਿਰੋਧੀ ਜਾਂ ਮਨੁੱਖ ਪੱਖੀ ਵਰਤਾਰਿਆਂ ਦੀ ਵਰਤਮਾਨ ਪ੍ਰਸੰਗਿਕਤਾ 'ਤੇ ਉਹ ਤਿੱਖੀ ਨਜ਼ਰ ਰੱਖਦਾ ਹੈ ਤੇ ਇਹਨਾਂ

ਵਰਤਾਰਿਆਂ ਨਾਲ ਜੁੜੀਆਂ ਬਹੁਤ ਸਾਰੀਆਂ ਦੂਰ-ਅੰਦੇਸ਼ੀਆਂ ਤੇ ਸੰਭਾਵਨਾਵਾਂ ਦੀ ਨਿਸ਼ਾਨਦੇਹੀ ਵੀ ਕਰਦਾ ਹੈ।

'ਸੁਕਰਾਤ ਦਾ ਗੀਤ' ਉਸ ਦਾ 26ਵਾਂ ਕਾਵਿ ਸੰਗ੍ਰਹਿ ਹੈ, ਜਦੋਂ ਕਿ ਉਸਦੀਆਂ ਕੁਲ ਪੁਸਤਕਾਂ ਦੀ ਗਿਣਤੀ 60 ਦਾ ਅੰਕੜਾ ਪਾਰ ਕਰ ਗਈ ਹੈ। ਇਸ ਸੰਗ੍ਰਹਿ ਵਿੱਚ ਸ਼ਾਮਿਲ ਕਵਿਤਾਵਾਂ ਪੱਛਮੀ ਜੀਵਨ ਦਰਸ਼ਨ ਦੇ ਮੁੱਢਲੇ ਅਧਾਰ ਸੁਕਰਾਤ-ਵਿਚਾਰਧਾਰਾ ਨੂੰ ਮਨੁੱਖਤਾ ਦਾ ਅਤੀਤ ਵੀ ਮੰਨਦੀ ਹੈ ਤੇ ਵਰਤਮਾਨ ਵੀ। ਇਸ ਕਵਿਤਾ ਅਨੁਸਾਰ ਸੁਕਰਾਤ ਦਾ ਫ਼ਲਸਫ਼ਾ ਸਰਬ ਵਿਆਪੀ ਵੀ ਹੈ ਤੇ ਸਰਬ ਕਾਲਿਕ ਵੀ ਹੈ। ਜ਼ਿੰਦਗੀ ਦੀਆਂ ਬਿਖਮਤਾਵਾਂ, ਜੱਟਿਲਤਾਵਾਂ ਤੇ ਅਸਹਿਜਤਾਵਾਂ ਵਿੱਚੋਂ ਉਪਜਿਆ ਹਰ ਸਵਾਲ ਸੁਕਰਾਤ ਦਾ ਹੀ ਚਿੰਨ੍ਹਕ ਰੂਪ ਹੈ। ਕਵੀ ਦੀ ਧਾਰਨਾ ਹੈ ਕਿ ਸੁਆਲਾਂ ਦੇ ਜੁਆਬ ਲੱਭਣ ਲਈ ਗਿਆਨ ਦੇ ਦਰਿਆ ਵਿੱਚ ਡੂੰਘੀਆਂ ਚੁੱਭੀਆਂ ਮਾਰਨ ਵਾਲਾ ਵਿਅਕਤੀ ਸੁਕਰਾਤ ਵਾਂਗ ਵੀ ਜ਼ਹਿਰ ਦੇ ਪਿਆਲੇ ਦੇ ਨੇੜੇ ਪਹੁੰਚ ਜਾਂਦਾ ਹੈ। ਉਸ ਦਾ ਇਹ ਵੀ ਨਿਰਣਾ ਹੈ ਕਿ ਜਦੋਂ ਤੱਕ ਮਨੁੱਖੀ ਜਗਿਆਸਾਵਾਂ ਤੇ ਸੁਆਲ ਜਿਉਂਦੇ ਹਨ ਉਦੋਂ ਤੱਕ ਸੁਕਰਾਤ ਵੀ ਜਿਉਂਦਾ ਹੀ ਰਹੇਗਾ :-

ਜਦੋਂ ਵੀ ਕੋਈ ਮਾਂ
ਜ਼ਿੰਦਗੀ ਦੀਆਂ ਬਿਖਮ ਤੇ
ਅਸਹਿ ਜੱਟਿਲਤਾਵਾਂ ਦੇ
ਜਵਾਬ ਢੂੰਡਦੀ ਢੂੰਡਦੀ
ਇੱਕ ਸਵਾਲ ਨੂੰ ਜਨਮ ਦਿੰਦੀ ਹੈ।
ਤਾਂ ਉਹ
ਸੁਕਰਾਤ ਬਣ ਜਾਂਦਾ
ਸਵਾਲ ਦਰ ਸਵਾਲ
ਪਰਤ ਦਰ ਪਰਤ
ਵਿਅਕਤੀ, ਸਮਾਜ ਤੇ ਸੰਸਾਰ ਵਿਚ
ਡੂੰਘੀਆਂ ਚੁੱਭੀਆਂ ਮਾਰਦਾ
ਜ਼ਹਿਰ ਦੇ ਪਿਆਲੇ ਤੱਕ
ਪਹੁੰਚ ਜਾਂਦਾ ਹੈ !!!
ਸੁਕਰਾਤ ਕਦੇ ਨਹੀਂ ਮਰਦਾ,
ਉਹ ਤਾਂ
ਹਰ ਯੁੱਗ ਨੂੰ ਸਵਾਲ ਬਣਦਾ
ਸਵਾਲਾਂ ਦਾ ਨਿਰੰਤਰ ਸਿਲਸਿਲਾ ਹੈ।

ਜਦੋਂ ਕਵੀ ਆਪਣੇ ਆਪ ਵਿੱਚੋਂ ਹੀ ਸੁਕਰਾਤ ਨੂੰ ਲੱਭਣ ਦੀ ਕੋਸ਼ਿਸ਼ ਕਰਦਾ

ਹੈ ਤਾਂ ਉਸ ਨੂੰ ਵਿਸ਼ੇਸ਼ ਰਾਹਤ ਮਹਿਸੂਸ ਹੁੰਦੀ ਹੈ ਕਿ ਸੁਕਰਾਤ ਦਾ ਦਰਸ਼ਨ ਤਾਂ ਮੁੱਢ ਤੋਂ ਹੀ ਉਸਦੀਆਂ ਸੋਚਾਂ ਦਾ ਹਿੱਸਾ ਹੈ। ਮਨੁੱਖ ਅੰਦਰਲੀ ਚੁੱਪ ਤੇ ਸ਼ੋਰ ਦੇ ਦਵੰਦਾਤਮਕ ਸਬੰਧਾਂ ਵਿੱਚੋਂ ਪੈਦਾ ਹੋਣ ਵਾਲੇ ਵਿਚਾਰਾਂ ਦੇ ਚੰਗਿਆੜੇ ਉਸ ਲਈ ਸ਼ਬਦ, ਚਿੰਤਨ ਦੇ ਫ਼ਲਸਫ਼ੇ ਦੇ ਹੀ ਅਰਥ ਰੱਖਦੇ ਹਨ ਤੇ ਸ਼ਬਦ ਦੀ ਸਿਰਜਕ ਸ਼ਕਤੀ ਉਸ ਲਈ ਗਿਆਨ ਤੇ ਵਿਗਿਆਨ ਦੀ ਜਨਮਦਾਤੀ ਬਣ ਜਾਂਦੀ ਹੈ :-

ਮਾਨਵ
ਸ਼ੋਰ ਤੇ ਚੁੱਪ ਵਿਚ
ਟੁੱਟਦਾ ਰਿਹਾ
ਉਸਦੇ ਕੁਝ ਚੰਗਿਆੜੇ
ਸ਼ਬਦ
ਚਿੰਤਨ
ਫ਼ਲਸਫ਼ਾ ਬਣਦੇ ਰਹੇ।
ਸ਼ਬਦ
ਗਿਆਨ ਤੇ ਵਿਗਿਆਨ ਦੀ
ਸੰਭਾਲ ਹੈ !!!

ਉਹ ਆਪਣੀ ਦੂਰ ਦ੍ਰਿਸ਼ਟੀ ਰਾਹੀਂ ਦਿੱਸਦੇ ਯਥਾਰਥ ਤੋਂ ਪਾਰ ਵੇਖਣ ਦੀ ਕੋਸ਼ਿਸ਼ ਕਰਦਾ ਹੈ ਤਾਂ ਸ਼ਬਦ, ਸੋਚ ਤੇ ਸੁਹਜ ਉਸ ਦੇ ਕਾਵਿ-ਚਿੰਤਨ ਦੀ ਪਛਾਣ ਬਣ ਜਾਂਦੇ ਹਨ। ਯਥਾਰਥ ਤੋਂ ਪਾਰ ਵੇਖਦਿਆਂ ਇਹ ਅਨੁਭੂਤੀ ਵੀ ਉਸ ਦੀ ਕਵਿਤਾ ਦਾ ਹਾਸਲ ਬਣਦੀ ਹੈ ਕਿ ਕਲਮ ਦੇ ਰੁਕ ਜਾਣ ਤੋਂ ਬਾਅਦ ਵੀ ਉਸ ਦਾ ਚਿੰਤਨ ਆਪਣਾ ਸਫ਼ਰ ਜਾਰੀ ਰੱਖੇਗਾ ਤੇ ਉਸਦੀਆਂ ਲਿਖਤਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਜਾਗ ਲਾਉਂਦੀਆਂ ਰਹਿਣਗੀਆਂ। ਉਹ ਦੂਰਬੀਨੀ ਨਜ਼ਰ ਨਾਲ ਆਪਣੇ ਸਵੈ ਨਾਲ ਜੁੜੇ ਬਾਹਰਮੁਖੀ ਪਸਾਰਾਂ ਨੂੰ ਵੇਖਦਾ ਹੈ ਤੇ ਖੁਰਦਬੀਨੀ ਨਜ਼ਰ ਨਾਲ ਆਪਣੇ ਅੰਤਰੀਵੀ ਪਸਾਰਾਂ ਨੂੰ। ਆਪਣੇ ਆਪ ਨੂੰ ਆਪਣੀ ਹੀ ਨਜ਼ਰ ਨਾਲ ਦੂਰੋਂ ਤੇ ਨੇੜਿਉਂ ਵੇਖਣ ਦੀ ਜਾਚ ਉਸ ਦੀ ਕਵਿਤਾ ਨੂੰ ਨਵੀਂ ਸਿਰਜਕ ਸ਼ਕਤੀ ਪ੍ਰਦਾਨ ਕਰਦੀ ਹੈ।

ਮੇਰੇ ਕੋਲ ਖੁਰਦਬੀਨ ਵੀ ਹੈ
ਤੇ ਦੂਰਬੀਨ ਵੀ
ਆਪਣੇ ਆਪ
ਆਪਣੇ ਪਸਾਰਾਂ ਨੂੰ ਨੇੜਿਉਂ ਵੇਖਣ ਵਿਖਾਉਣ ਦਾ
ਆਪਣਾ ਹੀ ਅਦਭੁਤ ਨਜ਼ਾਰਾ ਹੈ।

ਮਨੁੱਖੀ ਜੀਵਨ ਵਿਚ ਹਿਲਜੁਲ ਪੈਦਾ ਕਰਦੇ ਤੇ ਸਮੇਂ ਦੀ ਦਿਸ਼ਾ ਨੂੰ ਬਦਲਣ ਦੀ ਸਮਰੱਥਾ ਰੱਖਦੇ ਸਮਕਾਲ ਦੇ ਤਤਕਾਲੀ ਵਰਤਾਰਿਆਂ ਨੂੰ ਸੰਬੋਧਿਤ ਹੋਏ ਬਗੈਰ ਕੋਈ ਵੀ ਕਵੀ ਸਮੇਂ ਦੇ ਹਾਣ ਦੀ ਕਵਿਤਾ ਨਹੀਂ ਲਿਖ ਸਕਦਾ। ਇਸ ਸੰਗ੍ਰਹਿ ਵਿਚਲੀ ਕਵਿਤਾ ਦੀ ਇਕ ਵਿਸ਼ੇਸ਼ ਖਾਸੀਅਤ ਇਹ ਵੀ ਹੈ ਕਿ ਇਸ ਕਿਸਾਨ ਅੰਦੋਲਨ ਤੇ ਕਰੋਨਾਂ ਕਾਲ ਵਰਗੇ ਕੌਮੀ ਮਸਲਿਆਂ ਦੇ ਨਾਲ ਨਾਲ ਅਫ਼ਗਾਨਿਸਤਾਨ ਵਿਚ ਹੋਏ ਰਾਜ ਪਲਟੇ ਵਰਗੇ ਕੋਮਾਤਰੀ ਮਸਲਿਆਂ ਨੂੰ ਮਾਨਵੀ ਦ੍ਰਿਸ਼ਟੀ ਤੋਂ ਵਿਸ਼ਲੇਸ਼ਿਤ ਤੇ ਪ੍ਰਭਾਸ਼ਿਤ ਕੀਤਾ ਹੈ। ਉਸ ਦੀ ਕਵਿਤਾ ਕਿਸਾਨੀ ਅੰਦੋਲਨ ਨੂੰ ਸਥਾਈ ਤੌਰ ’ਤੇ ਜੇਤੂ ਮੁਕਾਮ ਤੱਕ ਪਹੁੰਚਾਉਣ ਲਈ ਜਮਾਤੀ ਲੜਾਈ ਦੇ ਰਵਾਇਤੀ ਢੰਗ ਤਰੀਕੇ ਛੱਡ ਕੇ ਅਜਿਹੇ ਪੈਂਤੜੇ ਅਪਨਾਉਣ ਦੀ ਗੱਲ ਕਰਦੀ ਹੈ, ਜਿਹੜੇ ਸਿਆਸਤ ਦੀ ਸ਼ਤਰੰਜ ’ਤੇ ਵਿਰੋਧੀ ਚਾਲਾਂ ਨੂੰ ਮਾਤ ਪਾ ਸਕਣ।

ਜਗਾਵੋ ਕਲਪਨਾ ਆਪਣੀ
ਤੇ ਰਾਹਾਂ ਦੀ ਦਿਸ਼ਾ ਬਦਲੋ
ਵਿਧੀ ਬੇਕਾਰ ਜੇ ਹੋ ਗਈ
ਤਾਂ ਕਾਰਜ਼ ਦੀ ਦਸ਼ਾ ਬਦਲੋ।

ਇਸ ਸੰਗ੍ਰਹਿ ਵਿਚਲੀਆਂ ਕਵਿਤਾਵਾਂ ਭ੍ਰਿਸ਼ਟਾਚਾਰ ਵੱਲੋਂ ਸਮਾਜਿਕ ਮਾਨਤਾ ਪ੍ਰਾਪਤ ਕਰਕੇ ਸੰਸਥਾਗਤ ਅਰਥ ਗ੍ਰਹਿਣ ਕਰਨ ਤੇ ਰਿਸ਼ਵਤਖੋਰੀ ਦੇ ਜੀਵਨ ਸ਼ੈਲੀ ਬਨਣ ਨੂੰ ਵੀ ਸਮਕਾਲ ਦੇ ਹੀ ਇਕ ਕੌੜੇ ਸੱਚ ਵਜੋਂ ਸਵੀਕਾਰਦੀਆਂ ਹਨ। ਉਹ ਇਸ ਚਿੰਤਾ ਨੂੰ ਚਿੰਤਨ ਵਿਚ ਬਦਲਣ ਦੇ ਮੰਤਵ ਨਾਲ ਅਜੋਕੀ ਜੀਵਨ ਸ਼ੈਲੀ ਬਾਰੇ ਬਹੁਤ ਸਾਰੇ ਸੁਆਲ ਖੜ੍ਹੇ ਕਰਦਾ ਹੈ। ਉਹ ਪੁੱਛਦਾ ਹੈ ਕਿ ਕੀ ਸਾਡੇ ਕੋਲ ਆਪਣੇ ਹੱਕ ਲੈਣ ਲਈ ਇੱਕੋ ਇਕ ਰਾਹ ਸੜਕਾਂ ਤੇ ਰੇਲਾਂ ਰੋਕਣਾ ਹੀ ਰਹਿ ਗਿਆ ਹੈ ? ਸੰਵਿਧਾਨ ਸਾਡੇ ਹੱਕਾਂ ਤੇ ਹਿੱਤਾਂ ਦੀ ਰਾਖੀ ਕਿਉਂ ਨਹੀ਼ ਕਰ ਰਿਹਾ ਤੇ ਇਸ ਵੱਲੋਂ ਬਣਾਏ ਕਾਇਦੇ ਕਾਨੂੰਨ ਤਾਰੋ ਤਾਰ ਕਿਉਂ ਹੁੰਦੇ ਜਾ ਰਹੇ ਹਨ ? ਇਨ੍ਹਾਂ ਸੁਆਲਾਂ ਦੇ ਜਵਾਬ ਤਲਾਸ਼ਦਿਆਂ ਉਹ ਮੱਛੀ ਬਜ਼ਾਰ ਵਾਂਗ ਵਿਕਾਊ ਬਣ ਚੱਕੇ ਸੱਤਾ ਪ੍ਰਬੰਧ ਨੂੰ ਮੁੱਖ ਦੋਸ਼ੀ ਮੰਨਦਾ ਹੈ ਜਿਹੜਾ ਰਿਸ਼ਵਤ ਦੀ ਗੋਲੀ ਦੇ ਨਸ਼ੇ ਰਾਹੀਂ ਮਨੁੱਖੀ ਗੈਰਤ ਸ਼ਰੇਆਮ ਮਾਰ ਰਿਹਾ ਹੈ :–

ਤਾਰੋ ਤਾਰ ਕਾਇਦੇ ਕਾਨੂੰਨ
ਸ਼ਰਮਸਾਰ ਸਾਡਾ ਸੰਵਿਧਾਨ
ਧਰਮ ਕਰਮ ਸਭ ਛੁਪ ਖਲੋਏ
ਅਗਧ ਪੜ੍ਹੇ ਸੈਤਾਨ

ਰਵਿੰਦਰ ਰਵੀ ਦੀਆਂ ਕਵਿਤਾਵਾਂ ਵਿੱਚ ਵਰਤੇ ਗਏ ਬਿੰਬ ਤੇ ਪ੍ਰਤੀਕ ਉਸ ਦੇ ਅਨੁਭਵ ਖੇਤਰ ਤੋਂ ਬਾਹਰਲੇ ਨਹੀਂ ਹਨ। ਭਾਵੇਂ ਉਹ ਇਤਿਹਾਸਕ ਤੇ ਮਿਥਿਹਾਸਕ ਘਟਨਾਕ੍ਰਮ ਵਿੱਚੋਂ ਵੀ ਆਪਣੀ ਕਵਿਤਾ ਲਈ ਬਿੰਬ ਤੇ ਪ੍ਰਤੀਕ ਤਲਾਸ਼ਦਾ ਹੈ ਪਰ ਉਸ ਵੱਲੋਂ ਦਿੱਤੇ ਇਤਿਹਾਸਕ ਤੇ ਮਿਥਿਹਾਸਕ ਹਵਾਲੇ ਲੋਕ ਮਾਨਸਿਕਤਾ ਲਈ ਉਪਰੇ ਨਹੀਂ ਹਨ। ਭਾਵੇਂ ਵਧੇਰੇ ਕਰਕੇ ਉਹ ਖੁੱਲ੍ਹੀ ਕਵਿਤਾ ਹੀ ਲਿਖਦਾ ਹੈ ਪਰ ਫਿਰ ਵੀ ਉਸ ਦੀ ਕਵਿਤਾ ਇਕ ਖ਼ਾਸ ਰਿਦਮ ਤੇ ਬੱਝਵੇਂ ਅਨੁਸ਼ਾਸਨ ਵਿੱਚ ਬੱਝੀ ਵਿਖਾਈ ਦਿੰਦੀ ਹੈ। ਉਰਦੂ ਫ਼ਾਰਸੀ ਭਾਸ਼ਾ ਦੇ ਕੁਝ ਪ੍ਰਚੱਲਤ ਸ਼ਬਦ ਵੀ ਉਸ ਦੀ ਕਵਿਤਾ ਦੇ ਕਲਾਤਮਕ ਸੁਹਜ ਵਿੱਚ ਵਾਧਾ ਕਰਦੇ ਹਨ। ਹਰੇਕ ਕਵਿਤਾ ਦੇ ਅੰਤ ’ਤੇ ਉਹ ਆਮ ਲੋਕ ਬੋਲੀ ਵਿੱਚ ਨਾ ਵਰਤੇ ਜਾਣ ਵਾਲੇ ਸ਼ਬਦਾਂ ਦੇ ਅਰਥ ਲਿਖ ਕੇ ਕਵਿਤਾ ਦੇ ਸੰਚਾਰ ਵਿੱਚ ਪੈਣ ਵਾਲੀ ਰੁਕਾਵਟ ਨੂੰ ਦੂਰ ਕਰ ਦਿੰਦਾ ਹੈ। ਉਸ ਦੇ ਇਸ ਕਾਵਿ ਸੰਗ੍ਰਹਿ ਦੀਆਂ ਹੋਰ ਵੀ ਬਹੁਤ ਸਾਰੀਆਂ ਪਰਤਾਂ ਹਨ ਜਿਹਨਾਂ ਨੂੰ ਇਸ ਨਿੱਕ-ਆਕਾਰੀ ਲਿਖਤ ਵਿੱਚ ਨਹੀਂ ਸਮੇਟਿਆ ਜਾ ਸਕਦਾ। ਮੈਂ ਇਹੀ ਕਹਿਣਾ ਵਾਜਿਬ ਸਮਝਦਾ ਹਾਂ ਕਿ ਉਸ ਦੀ ਕਵਿਤਾ ਦੀਆਂ ਨਿੱਜੀ, ਸਮੂਹਿਕ ਤੇ ਬ੍ਰਹਿਮੰਡੀ ਚੇਤਨਾ ਨਾਲ ਜੁੜੀਆਂ ਸੰਵੇਦਨਾਤਮਕ ਪਰਤਾਂ ਉਸ ਨੂੰ ਉਸ ਦੇ ਲਿਖਣ ਦੇ ਅਰੰਭਕ ਕਾਲ ਤੋਂ ਲੈ ਕੇ ਹੁਣ ਤੱਕ ਪੰਜਾਬੀ ਭਾਸ਼ਾ ਦਾ ਵੱਡਾ ਕਵੀ ਕਹਾਉਣ ਦਾ ਹੱਕ ਪ੍ਰਦਾਨ ਕਰਦੀਆਂ ਹਨ। ਆਮ ਕਰਕੇ ਵੱਡੇ ਕਹੇ ਜਾਣ ਵਾਲੇ ਕਵੀਆਂ ਦੀਆਂ ਕਵਿਤਾਵਾਂ ਏਨੀਆਂ ਅੰਤਰਮੁਖੀ ਹੁੰਦੀਆਂ ਹਨ ਕਿ ਪਾਠਕਾਂ ਨੂੰ ਉਹਨਾਂ ਦੇ ਭਾਵ ਬੋਧ ਤੱਕ ਪਹੁੰਚਣ ਲਈ ਇਕ ਵਿਸ਼ੇਸ਼ ਪ੍ਰਕਾਰ ਦੀ ਬੁੱਧੀ ਪ੍ਰੀਖਿਆ ਵਿੱਚੋਂ ਲੰਘਣਾ ਪੈਂਦਾ ਹੈ ਪਰ ਇਸ ਸੰਗ੍ਰਹਿ ਦੀਆਂ ਕਵਿਤਾਵਾਂ ਦੀ ਖ਼ੂਬਸੂਰਤੀ ਇਸ ਵਿੱਚ ਹੈ ਕਿ ਇਹਨਾਂ ਦਾ ਪਾਠ ਬਹੁਤ ਸਹਿਜ ਰੂਪ ਵਿੱਚ ਕੀਤਾ ਜਾ ਸਕਦਾ ਹੈ। ਉਸ ਦੀ ਕਵਿਤਾ ਨਾ ਤਾਂ ਸਰਲ ਹੈ ਤੇ ਨਾ ਹੀ ਵਧੇਰੇ ਗੁੰਝਲਦਾਰ। ਇਸ ਲਈ ਪਾਠਕ ਥੋੜ੍ਹਾ ਜਿਹਾ ਇਕਾਗਰਚਿੱਤ ਹੋ ਕੇ ਹੀ ਇਸ ਦੇ ਭਾਵਬੋਧ ਨਾਲ ਜੁੜ ਸਕਦਾ ਹੈ।

**ਨਿਰੰਜਨ ਬੋਹਾ**

ਮੋਬਾਇਲ : 8968282700

-15 ਮਈ, 2022 ਨੂੰ ‘ਫੇਸਬੁੱਕ’ ਉੱਤੇ ਪੋਸਟ ਹੋਇਆ-

-11 ਜੂਨ, 2022 ਨੂੰ ‘ਪੰਜਾਬ ਟਾਈਮਜ਼’ ਵਿੱਚ ਛਪਿਆ-

# "ਸੁਕਰਾਤ ਦਾ ਗੀਤ" : ਹਰ ਯੁੱਗ ਦੇ ਮੇਚ ਦਾ ਕਾਵਿ

ਜਦੋਂ ਕੋਈ ਲਿਖਤ ਇਕੋ ਸਮੇਂ ਸਾਡੇ ਭਾਵਾਂ ਅਤੇ ਵਿਚਾਰਾਂ ਨੂੰ ਟੁੰਬਦੀ ਹੈ ਤੇ ਜਦੋਂ ਅਸੀਂ ਉਸ ਵਿੱਚ ਪੇਸ਼ ਹੋਏ ਫ਼ਲਸਫ਼ੇ ਨੂੰ ਆਪਣੇ ਅਤੀਤ, ਵਰਤਮਾਨ ਅਤੇ ਭਵਿੱਖ ਨਾਲ ਜੁੜਿਆ ਮਹਿਸੂਸ ਕਰਦੇ ਹਾਂ ਤਾਂ ਉਸ ਦੀ ਸਾਰਥਕਤਾ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਇਸ ਲਈ ਮੈਂ ਰਵਿੰਦਰ ਰਵੀ ਜੀ ਦੇ ਕਾਵਿ ਨੂੰ 'ਹਰ ਯੁੱਗ ਦੇ ਮੇਚ' ਦਾ ਆਖਿਆ ਹੈ। 'ਸੁਕਰਾਤ ਦਾ ਗੀਤ' ਰਵਿੰਦਰ ਰਵੀ ਦਾ 26ਵਾਂ ਕਾਵਿ-ਸੰਗ੍ਰਹਿ ਹੈ ਜੋ ਵਿਸ਼ੇ ਪੱਖੋਂ ਬਹੁਤ ਮਹੱਤਵਪੂਰਨ ਹੈ। ਰਵਿੰਦਰ ਰਵੀ ਇਕ ਅਜਿਹਾ ਲੇਖਕ ਹੈ, ਜਿਸ ਨੇ ਚੇਤੰਨ ਤੌਰ 'ਤੇ ਉੱਤਰ ਆਧੁਨਿਕਤਾ, ਧੁੰਦਲਾਪਨ ਜਾਂ ਅਸਪਸ਼ਟਤਾ, ਹੋਂਦਵਾਦ, ਪੜ-ਯਥਾਰਥਵਾਦ ਜਾਂ ਅਤਿ-ਯਥਾਰਥਵਾਦ, ਰੁਸ਼ਟ ਯੁਵਾ ਲਹਿਰ ਆਦਿ ਬਾਰੇ ਸਾਹਿਤ ਵਿੱਚ ਕਈ ਨਿਵੇਕਲੇ ਪ੍ਰਯੋਗ ਕੀਤੇ। ਵਿਸ਼ੇ ਦੇ ਪੱਖੋਂ ਕਿਹਾ ਜਾ ਸਕਦਾ ਹੈ ਕਿ ਰਵਿੰਦਰ ਰਵੀ ਇਕ ਸੂਝਵਾਨ, ਚੇਤੰਨ ਅਤੇ ਬੇਬਾਕ ਲੇਖਕ ਹੈ, ਜਿਸ ਨੇ ਸਮੇਂ-ਸਮੇਂ ਸਿਰ ਹੋ ਰਹੀਆਂ ਸਮਾਜਿਕ, ਰਾਜਸੀ ਅਤੇ ਮਾਨਸਿਕ ਤਬਦੀਲੀਆਂ, ਆਮ ਜਨਤਾ ਵੱਲੋਂ ਕੀਤੇ ਗਏ ਅੰਦੋਲਨਾਂ ਅਤੇ ਸਰਕਾਰੀ ਤੰਤਰ ਦੇ ਦੰਭ ਨੂੰ ਆਪਣੀਆਂ ਲਿਖਤਾਂ ਦਾ ਵਿਸ਼ਾ ਬਣਾਇਆ। 'ਸੁਕਰਾਤ ਦਾ ਗੀਤ' ਪੁਸਤਕ ਵਿੱਚ ਕਵੀ ਨੇ ਸੁਕਰਾਤ ਨੂੰ ਇਕ ਮਨੁੱਖ ਤੱਕ ਸੀਮਤ ਨਹੀਂ ਰਹਿਣ ਦਿੱਤਾ ਬਲਕਿ ਸੁਕਰਾਤ ਨੂੰ ਇਕ ਸੋਚ ਦੇ ਰੂਪ ਵਿੱਚ ਪੇਸ਼ ਕੀਤਾ ਹੈ। ਇਹ ਸੋਚ ਸਾਡੇ ਸਾਰਿਆਂ ਦੇ ਅੰਦਰ ਧੜਕਦੀ ਹੈ। ਇੰਜ ਕਵੀ ਨੇ ਫ਼ਲਸਫ਼ੇ ਦੇ ਰੂਪ ਵਿੱਚ ਢਾਲ ਕੇ 'ਸੁਕਰਾਤ' ਨੂੰ ਅਮਰਤਾ ਪ੍ਰਦਾਨ ਕਰ ਦਿੱਤੀ ਹੈ :-

"ਸੁਕਰਾਤ,
ਮੇਰੇ 'ਚੋਂ,
ਤੁਹਾਡੇ 'ਚੋਂ, ਸਭ 'ਚੋਂ,
ਮਿਲ ਜਾਏਗਾ !!!

ਸੁਕਰਾਤ ਕੇਵਲ ਜਿਸਮ ਨਹੀਂ,
ਇਕ ਸੋਚ ਹੈ,
ਜਿਸਨੂੰ,
ਹਰ ਜ਼ਿੰਦਗੀ ਨਾਲ ਮੋਹ,
ਹਰ ਯੁੱਗ ਦਾ ਫ਼ਿਕਰ ਹੈ !!!"

ਆਦਿ ਕਾਲ ਤੋਂ ਮਨੁੱਖ ਅੰਦਰ ਕਈ ਪ੍ਰਸ਼ਨ ਜਨਮ ਲੈਂਦੇ ਰਹੇ ਹਨ। ਸਭ ਤੋਂ ਜ਼ਿਆਦਾ ਅਸਤਿਤਵ ਦੇ ਪ੍ਰਸ਼ਨਾਂ ਵਿੱਚ ਅਸੀਂ ਖ਼ੁਦ ਨੂੰ ਘਿਰਿਆ ਮਹਿਸੂਸ ਕਰਦੇ ਹਾਂ :-

"ਸੂਰਜ ਨੇ ਗਾਗਰ ਵਿੱਚ ਪੈ, ਕੀ
ਸਦਾ ਸਦਾ ਲਈ ਟੁਰ ਜਾਣਾ ਏ ?
ਪ੍ਰਕਿਰਤੀ ਦਾ ਸਗਲ ਪਸਾਰਾ,
ਕਣ ਕਣ ਕਰ, ਕੀ ਭੁਰ ਜਾਣਾ ਏ ?"

ਇਹਨਾਂ ਪ੍ਰਸ਼ਨਾਂ ਨਾਲ ਜੂਝਦਿਆਂ ਵੀ ਕਵੀ ਮਨ ਸਮੇਂ ਤੋਂ ਪਾਰ ਉਡਾਰੀ ਭਰ ਸਕਣ ਦੀ ਸਮਰੱਥਾ ਰਖਦਾ ਹੈ :-

"ਕਵੀ,
ਸਮੇਂ ਦਾ ਗਯਾਤਾ ਹੈ।

ਕਵਿਤਾ,
ਪੀੜ੍ਹੀਆਂ ਦੀ ਪਾਰ ਗਾਥਾ ਹੈ !!!"

ਰਵਿੰਦਰ ਰਵੀ ਦੇ ਕਾਵਿ ਦਾ ਅਧਿਐਨ ਕਰਦਿਆਂ ਇਹ ਮਹਿਸੂਸ ਹੁੰਦਾ ਹੈ ਕਿ ਕਵੀ 'ਹੁਣਵਾਦ' ਦੇ ਫ਼ਲਸਫ਼ੇ ਦੀ ਪ੍ਰੋੜ੍ਹਤਾ ਕਰਦਾ ਹੈ। ਉਹ ਅਤੀਤ ਅਤੇ ਭਵਿੱਖ ਵਿੱਚ ਨਾ ਜਿਊਂਦਾ ਹੈ ਅਤੇ ਨਾ ਹੀ ਜਿਊਣਾ ਚਾਹੁੰਦਾ ਹੈ। ਉਹ ਤਾਂ 'ਹੁਣ' ਦੇ ਛਿਣ ਵਿੱਚ ਜਿਊਣਾ ਲੋਚਦਾ ਹੈ। ਗੁਰਬਾਣੀ ਵਿੱਚ ਵੀ ਇਹ ਟੂਕਾਂ ਆਉਂਦੀਆਂ ਹਨ :-

"ਹਮ ਆਦਮੀ ਹਾਂ ਇਕ ਦਮੀ"

ਇਸੇ ਦਰਸ਼ਨ ਨੂੰ ਅਗਾਂਹ ਤੋਰਦਿਆਂ ਕਵੀ ਆਖਦਾ ਹੈ :-

"ਛਿਣ ਵਿੱਚ ਯੁੱਗ ਫੈਲਾ ਕੇ ਜੀਵੋ,
ਛਿਣ, ਛਿਣ ਯੁੱਗ ਬਣਾ ਕੇ ਜੀਵੋ,

ਭੂਤ, ਭਵਿੱਖ, ਅੱਜ ਇਕ ਫੈਂਟਸੀ,
ਹੁਣ ਦਾ ਸੁਫ਼ਨਾ ਹੁਣ 'ਚੋਂ ਪਾਣਾ।"

ਅਸਲ ਵਿੱਚ 'ਹੋਂਦਵਾਦ' ਜਾਂ 'ਅਸਤਿਤਵਵਾਦ' ਇਕ ਅਜਿਹਾ ਫ਼ਲਸਫ਼ਾ ਹੈ ਜੋ ਕੀਰਕੇਗਾਰਦ ਦੁਆਰਾ ਪੇਸ਼ ਕੀਤਾ ਗਿਆ ਸੀ। ਇਸ ਦੇ ਮੁਤਾਬਕ, ਸਭ ਤੋਂ ਪਹਿਲਾਂ ਮਨੁੱਖ ਅਸਤਿਤਵ ਗ੍ਰਹਿਣ ਕਰਦਾ ਹੈ, ਜੂਝਦਾ ਹੈ, ਦੁਨੀਆ ਵਿੱਚ ਆਪਣੀ ਥਾਂ ਬਣਾਉਂਦਾ ਹੈ ਅਤੇ ਇਸ ਤੋਂ ਬਾਅਦ ਆਪਣੇ ਆਪ ਨੂੰ ਪਰਿਭਾਸ਼ਿਤ ਕਰਦਾ ਹੈ। ਇਸ ਸਿਧਾਂਤ ਦੀ ਨੀਂਹ ਵਿਅਕਤੀਵਾਦ 'ਤੇ ਟਿਕੀ ਹੋਈ ਹੈ :-

"ਮੈਂ ਦਾ ਨਸ਼ਾ ਹੀ ਪਿੰਡ, ਬ੍ਰਹਮੰਡ ਹੈ,
ਮੈਂ ਬਿਨ ਨਾ ਕੋਈ ਬਾਤ
ਮੈਂ ਵਿੱਚੋਂ ਹੀ ਦਿਨ ਚੜ੍ਹਦਾ ਹੈ,
ਮੈਂ 'ਚੋਂ ਪੈਂਦੀ ਰਾਤ"

'ਹੁਣਵਾਦ' ਦੇ ਨਾਲ-ਨਾਲ ਇਸ ਕਾਵਿ ਵਿੱਚ ਪੜ-ਯਥਾਰਥਵਾਦ ਦੇ ਦਰਸ਼ਨ ਨਾਲ ਸੰਬੰਧਿਤ ਕਈ ਕਵਿਤਾਵਾਂ ਹਨ, ਜਿਸ ਵਿੱਚ ਭਾਵਾਂ ਦੀ ਉਡਾਰੀ ਵੇਖਣ ਯੋਗ ਹੈ :-

"ਕਦੇ ਜਾਪਦਾ ਹੈ ਕਿ ਮੈਂ
ਹੁਣੇ ਹੁਣੇ ਆਂਡੇ, 'ਚੋਂ ਨਿਕਲਿਆ,
ਬੇਬੀ ਪੰਛੀ ਹਾਂ, ਜੁ
ਅੰਬਰ 'ਤੇ ਪੰਖ ਫੈਲਾ ਰਿਹਾ ਹੈ।
ਮੇਰੇ ਅੰਦਰ, ਬਾਹਰ, ਉੱਡਦਾ ਜਾ ਰਿਹਾ ਹੈ
ਆਦਿ ਨਾਲ ਅਨੰਤ ਨੂੰ ਮਿਲਾ ਰਿਹਾ ਹੈ !!!"

ਕਵੀ ਮਨ ਬਹੁਤ ਕੋਮਲ ਹੁੰਦਾ ਹੈ ਪਰ ਨਾਲ ਹੀ ਇੰਨਾ ਸਮਰੱਥ ਹੁੰਦਾ ਹੈ ਕਿ ਉਹ ਸਹਿਜ ਦਿੱਸਣ ਵਾਲੀਆਂ ਗੱਲਾਂ 'ਚੋਂ ਅਸਹਿਜਤਾ ਅਤੇ ਅਸਹਿਜਤਾ ਵਿੱਚੋਂ ਸਹਿਜਤਾ ਲੱਭ ਲੈਂਦਾ ਹੈ। ਕਵੀ ਅਜੋਕੇ ਮਨੁੱਖੀ ਰਿਸ਼ਤਿਆਂ ਨੂੰ ਹੰਢਾਉਂਦਾ ਦੁਖੀ ਹੁੰਦਾ ਹੈ ਤੇ ਕਟਾਖਸ਼ ਦੀ ਵਿਧੀ ਰਾਹੀਂ ਇਉਂ ਪ੍ਰਸਤੁਤ ਕਰਦਾ ਹੈ :-

"ਕੈਲੰਡਰ ਦੀਆਂ ਤਰੀਕਾਂ ਵਾਂਗੂੰ,
ਰਿਸ਼ਤੇ ਨਾਤੇ ਬਦਲ ਗਏ।

ਤਪਦਾ ਸੂਰਜ, ਮਿੱਤਰਚਾਰੇ,
ਬਰਫ਼ਾਂ ਵਾਂਗੂੰ ਪਿਘਲ ਗਏ।"

ਇਸੇ ਪ੍ਰਬੰਗ ਵਿੱਚ 'ਚਾਬੀਆਂ ਵਾਲੀ ਪਤਨੀ' ਕਵਿਤਾ ਵੇਖੀ ਜਾ ਸਕਦੀ ਹੈ, ਜਿਸ ਵਿੱਚ ਪੱਛਮ ਵਿੱਚ ਰਿਸ਼ਤਿਆਂ ਨੂੰ ਇਕ ਖੇਡ ਵਾਂਗ ਸਮਝਿਆ ਜਾ ਰਿਹਾ ਹੈ ਜਿਸ ਨਾਲ ਮਨੁੱਖ ਮਾਨਸਿਕ ਗਿਰਾਵਟ ਦਾ ਸ਼ਿਕਾਰ ਹੁੰਦਾ ਜਾ ਰਿਹਾ ਹੈ। ਅੱਜ ਦਾ ਯੁੱਗ ਕੰਪਿਊਟਰ ਅਤੇ ਇੰਟਰਨੈੱਟ ਦਾ ਯੁੱਗ ਹੈ। ਮਸ਼ੀਨੀਕਰਨ ਨੇ ਸਾਡੀ ਜ਼ਿੰਦਗੀ ਨੂੰ ਬਹੁਤ ਸੁਖਾਲਾ ਕਰ ਦਿੱਤਾ ਹੈ। ਪਰ ਅਜਿਹੀ ਤਕਨਾਲੋਜੀ ਜਿੱਥੇ ਸਾਡੇ ਲਈ ਵਰਦਾਨ ਸਿੱਧ ਹੁੰਦੀ ਹੈ ਉੱਥੇ ਇਸ ਤਕਨਾਲੋਜੀ ਨੇ ਬਹੁਤ ਨੁਕਸਾਨ ਵੀ ਕੀਤੇ। ਕਵੀ ਕਟਾਖ਼ਸ਼ ਕਰਦਾ ਕਹਿੰਦਾ ਹੈ :-

"ਉਸ ਨੂੰ ਇਕ ਤੁਰਦਾ ਫਿਰਦਾ,
ਐਨਸਾਈਕਲੋਪੀਡੀਆ ਬਣਾ ਦਿੱਤਾ !!!

ਸਭ ਰਿਸ਼ਤਿਆਂ ਤੋਂ ਆਜ਼ਾਦ,
ਆਤਮ-ਨਿਰਭਰ ਬਣਾ ਦਿੱਤਾ !!!"

ਇਨ੍ਹਾਂ ਸਮੱਸਿਆਵਾਂ ਦੇ ਨਾਲ-ਨਾਲ ਕਵੀ ਨੇ ਸਮਕਾਲੀ ਪ੍ਰਸਥਿਤੀਆਂ ਬਾਰੇ ਵੀ ਕਵਿਤਾਵਾਂ ਲਿਖੀਆਂ ਜਿਵੇਂ ਕਿਸਾਨ ਅੰਦੋਲਨ, ਕਰੋਨਾ ਮਹਾਂਮਾਰੀ, ਲੌਕਡਾਊਨ ਦਾ ਸਮਾਂ, ਅਫ਼ਗਾਨਿਸਤਾਨ ਦੀ ਸਮੱਸਿਆ, ਰਾਜ ਪਲਟਾ ਆਦਿ। ਕਈ ਥਾਈਂ ਵਿਅੰਗਾਤਾਮਕ ਸ਼ੈਲੀ ਵਿੱਚ ਬਹੁਤ ਸੁਚੱਜੇ ਢੰਗ ਨਾਲ ਆਪਣੀ ਭਾਵਨਾ ਵਿਅਕਤ ਕੀਤੀ ਹੈ। ਜਿਵੇਂ ਇਹ ਸਤਰਾਂ :-

"ਮਨ ਕੀ ਬਾਤ ਦਾ,
ਤਨ ਕੀ ਬਾਤ ਵਿੱਚ,

ਕਚੂਮਰ ਨਿਕਲ ਗਿਆ !!!

ਖੋਤਾ ਖੂਹ ਵਿੱਚ ਡਿਗ ਪਿਆ !!!"

ਜਾਂ

"ਆਪਣੇ ਹਿਤ ਪਛਾਣ ਨਾ ਸਕੇ,
ਅੰਨ੍ਹੀ, ਗੂੰਗੀ, ਬੋਲੀ ਜਨਤਾ।"

ਸੋ, ਅੰਤ ਵਿੱਚ ਕਹਿਣਾ ਚਾਹਾਂਗੀ ਕਿ ਹੱਥਲੀ ਪੁਸਤਕ "ਸੁਕਰਾਤ ਦਾ ਗੀਤ" ਵਿੱਚ ਕਵੀ ਨੇ ਮਨੁੱਖੀ ਜੀਵਨ ਅਦੇ ਹਰ ਪਹਿਲੂ ਨੂੰ ਬਹੁਤ ਚੇਤੰਨਤਾ ਨਾਲ ਛੋਹਿਆ ਹੈ ਤੇ ਇਸੇ ਲਈ ਇਹ ਕਵਿਤਾਵਾਂ ਚੇਤੰਨ ਪਾਠਕਾਂ ਦੀ ਮੰਗ

ਕਰਦੀਆਂ ਹਨ। ਇਨ੍ਹਾਂ ਕਵਿਤਾਵਾਂ ਨੂੰ ਅਸੀਂ ਆਪਣੇ ਅਤੀਤ ਨਾਲ ਵੀ ਜੋੜ ਕੇ ਵੇਖ ਸਕਦੇ ਹਾਂ, ਵਰਤਮਾਨ ਵਿੱਚ ਵਾਪਰ ਰਹੀਆਂ ਘਟਨਾਵਾਂ ਨੂੰ ਹੋਰ ਸਪਸ਼ਟਤਾ ਨਾਲ ਵਿਚਾਰਿਆ ਜਾ ਸਕਦਾ ਹੈ ਅਤੇ ਇਹਨਾਂ ਕਵਿਤਾਵਾਂ ਵਿੱਚ ਪੇਸ਼ ਅਨੁਭਵਾਂ ਨਾਲ ਭਵਿੱਖ ਵਿੱਚ ਸੇਧ ਲਿਤੀ ਜਾ ਸਕਦੀ ਹੈ। ਇਸੇ ਲਈ ਰਵਿੰਦਰ ਰਵੀ ਦਾ ਕਾਵਿ ਹਰ ਯੁੱਗ ਦੇ ਮੇਚ ਦਾ ਕਾਵਿ ਹੈ।

**ਗਗਨਮੀਤ**

–'ਫੇਸਬੁੱਕ' ਉੱਤੇ ਮਾਰਚ 30, 2022 ਨੂੰ ਪੋਸਟ ਕੀਤਾ ਗਿਆ–

# ਦਰਪਨ ਤੇ ਦਰਸ਼ਨ

ਸ਼ਾਇਰ ਰਵਿੰਦਰ ਰਵੀ ਇਕ ਬਹੁ-ਵਿਧਾਈ ਲੇਖਕ ਹੈ, ਜਿਸ ਦੀ ਸਾਹਿਤਕ ਬੌਧਿਕਤਾ ਦਾ ਸਿੱਕਾ ਮੰਨਦਿਆਂ ਦੇਸ਼-ਵਿਦੇਸ਼ ਦੇ ਵੱਖ-ਵੱਖ ਭੂ-ਖੰਡਾਂ ਵਿੱਚ ਮਾਣ-ਸਨਮਾਨ ਅਤੇ ਪੁਰਸਕਾਰਾਂ ਨਾਲ ਅਲੰਕ੍ਰਿਤ ਹੋ ਚੁੱਕੇ ਹਨ। ਸ਼ਾਇਰ ਦਾ ਹੱਥਲਾ ਕਾਵਿ-ਸੰਗ੍ਰਹਿ "ਦਰਪਨ ਤੇ ਦਰਸ਼ਨ" ਰਾਹੀਂ ਆਪਣੇ 25ਵੇਂ ਕਾਵਿ-ਸ੍ਰੰਗਿਹ ਰਾਹੀਂ ਪੰਜਾਬੀ ਅਦਬ ਦੇ ਦਰ-ਦਰਵਾਜ਼ੇ 'ਤੇ ਫਿਰ ਤੋਂ ਦਸਤਕ ਦਿੱਤੀ ਹੈ। ਆਪਣੇ ਗਰਾਂ ਜਗਤਪੁਰ ਤੋਂ ਅਧਿਆਪਨ ਕਿੱਤੇ ਵਿਚ ਕਾਰਜਸ਼ੀਲ ਰਹਿੰਦਿਆਂ ਆਪੇ ਸਹੇੜੇ ਕਾਲ ਚੱਕਰ ਰਾਹੀਂ ਭ੍ਰਮਣ ਕਰਦਿਆਂ ਕੈਨੇਡਾ ਦੀ ਧਰਤੀ 'ਤੇ ਪੱਕੇ ਤੌਰ 'ਤੇ ਜੀਵਨ ਬਸਰ ਕਰ ਰਹੇ ਹਨ। ਕੈਨੇਡਾ ਵਿੱਚ ਵੱਖ-ਵੱਖ ਧਰਮ, ਕੌਮੀਅਤਾਂ, ਰੰਗ ਨਸਲਾਂ ਦੇ ਲੋਕਾਂ ਵਿਚ ਗਲੋਬਲ ਚੇਤਨਾ ਨਾਲ ਲੈਸ ਹੋ ਕੇ ਵਿਸ਼ਵ ਵਿਆਪੀ ਮਾਨਵੀ ਸਰੋਕਾਰਾਂ ਦੀ ਖੁਰਦਬੀਨੀ ਅੱਖ ਨਾਲ ਸਕੈਨਿੰਗ ਕਰਦੇ ਹਨ। ਸ਼ਾਇਰ ਦੇ ਹੱਥਲੇ ਕਾਵਿ-ਸੰਗ੍ਰਹਿ ਦੇ ਕਾਵਿ ਪ੍ਰਵਚਨ ਦੀ ਤੰਦ ਸੂਤਰ ਫੜਦਿਆਂ ਇਹ ਗੱਲ ਸਾਫ਼ ਤੌਰ 'ਤੇ ਦਰਸਾਉਂਦੀ ਹੈ ਕਿ ਮਨੁੱਖ ਜਦ ਆਪਦੇ ਦਰਪਨ ਵਿਚ ਚਿਹਰਾ ਦੇਖਦਾ ਹੈ ਤਾਂ ਉਸ ਦਾ ਮੁਹਾਂਦਰਾ ਹੁੰਦਾ ਹੈ ਪਰ ਉਸ ਮੁਹਾਂਦਰੇ ਦੇ ਅੰਦਰ ਜੋ ਹੁੰਦਾ ਹੈ ਉਹ ਉਸ ਦਾ ਫ਼ਲਸਫ਼ਾ ਹੈ। ਸ਼ਾਇਰ ਇਸ ਫ਼ਲਸਫ਼ੇ ਰਾਹੀਂ ਹੁਣਵਾਦ (ਵਰਤਮਾਨ) ਦੀ ਚਾਬੀ ਫੜਾਉਂਦਿਆਂ ਭੂਤਕਾਲ ਅਤੇ ਭਵਿੱਖ ਤੋਂ ਮੁੱਖ ਮੋੜ ਕੇ ਵਰਤਮਾਨ ਵਿਚ ਜੀਣ-ਥੀਣ ਲਈ ਜਾਚ ਵੀ ਦੱਸਦਾ ਹੈ ਤੇ ਅਹਿਦ ਵੀ ਕਰਾਉਂਦਾ ਹੈ, ਕਿਉਂਕਿ ਇਹ ਮਨੁੱਖਾ ਜਨਮ ਇਕ ਮੇਲੇ ਵਰਗਾ ਹੈ ਤੇ ਮੇਲਾ ਦੇਖਣ ਦੇ ਚਾਉ ਦੀ ਹੀ ਪ੍ਰਕਰਮਾ ਕਰਨੀ ਚਾਹੀਦੀ ਹੈ। ਸ਼ਾਇਰ ਲੋਕਧਾਰਾਈ ਇਸ਼ਕੀਆ ਕਹਾਣੀਆਂ ਦੀ ਬਣੀ ਬਣਾਈ ਮਿੱਥ ਤੋੜ ਕੇ ਨਵੇਂ ਅੱਯਾਮਾਂ ਦੀ ਥਾਹ ਪਾਉਂਦਾ ਹੈ ਕਿ ਰੂਹ ਰਾਹ ਦੀ ਕੋਈ ਗੱਲ ਨਹੀਂ ਸਿਰਫ਼ ਇਹ ਜਿਸਮਾਂ ਦਾ ਮੇਲਾ ਹੈ। ਉਹ ਮਨੁੱਖੀ ਹੋਂਦ ਦੇ ਬੀਜ, ਅਬੀਜ ਨੂੰ ਫ਼ਲਸਫ਼ਾਨਾਂ ਢੰਗ ਨਾਲ ਕਵਿਤਾਉਂਦਾ ਹੈ। ਉਹ ਮੌਸਮ ਦਾ ਜ਼ਿਕਰ ਕਰਦਿਆਂ ਦੱਸਦਾ ਹੈ ਕਿ ਹਰੇਕ ਮੌਸਮ ਵਿਚ ਪਰਿੰਦੇ

ਉਡਾਣ ਭਰਦੇ ਹਨ ਤੇ ਮਨੁੱਖ ਨੂੰ ਵੀ ਆਪਣੇ ਅਸਤਿਤਵ ਲਈ ਉਡਾਣ ਭਰਦੇ ਰਹਿਣਾ ਚਾਹੀਦਾ ਹੈ। ਇਹ ਪੁਸਤਕ ਗੰਭੀਰ ਪਾਠ ਦੀ ਮੰਗ ਕਰਦੀ ਹੈ। ਆਪਣੇ ਹਿੱਸੇ ਦੀਆਂ 84 ਬਹਾਰਾਂ ਮਾਣਨ ਵਾਲੇ ਸ਼ਾਇਰ ਲਈ ਮੇਰੀ ਤਾਂ ਇਹੀ ਦੁਆ ਹੈ ਕਿ ਇਹ ਪ੍ਰਬੁੱਧ ਸ਼ਾਇਰ ਉਮਰ ਦੀ ਸੈਂਚਰੀ ਹੰਢਾਵੇ। ਆਮੀਨ !

ਲੇਖਕ : ਰਵਿੰਦਰ ਰਵੀ
ਪੰਨੇ : 208, ਮੁੱਲ : 395
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ
ਸੰਪਰਕ : 9811337763

**ਭਗਵਾਨ ਸਿੰਘ ਢਿੱਲੋਂ**
ਮੋਬਾਇਲ : 9814378254
–'ਅਜੀਤ' (ਜਲੰਧਰ) ਦੇ 23 ਜਨਵਰੀ, 2022 ਦੇ
ਅੰਕ ਵਿੱਚ ਪ੍ਰਕਾਸ਼ਤ–

# ਸੁਕਰਾਤ ਦਾ ਗੀਤ

ਰਵਿੰਦਰ ਰਵੀ ਪ੍ਰਬੁੱਧ ਅਤੇ ਸਰਬਾਂਗੀ ਸਾਹਿਤਕਾਰ ਹੈ, ਜਿਸ ਨੇ ਲਗਾਤਾਰ ਪੰਜਾਬੀ ਸਾਹਿਤ ਦੇ ਪਾਠਕਾਂ/ਰਸੀਆਂ/ਆਲੋਚਕਾਂ/ਪਾਰਖੂਆਂ ਨਾਲ ਆਪਣੀ ਸਾਹਿਤ ਸਿਰਜਣਾ ਨਾਲ ਹੁਣ ਤੱਕ ਸਾਂਝ ਬਣਾਈ ਰੱਖੀ ਹੈ। 'ਸੁਕਰਾਤ ਦਾ ਗੀਤ' (ਕਾਵਿ-ਸੰਗ੍ਰਹਿ) ਉਸ ਦਾ 26ਵਾਂ ਕਾਵਿ-ਸੰਗ੍ਰਹਿ ਹੈ। 'ਸੁਕਰਾਤ ਦਾ ਗੀਤ' ਕਾਵਿ-ਸੰਗ੍ਰਹਿ ਪੱਛਮੀ ਫ਼ਲਸਫ਼ੇ ਦੇ ਮੋਢੀ ਵਿਸ਼ਵ ਪ੍ਰਸਿੱਧ ਯੂਨਾਨੀ ਫ਼ਿਲਾਸਫ਼ਰ ਸੁਕਰਾਤ ਨੂੰ ਸਮਰਪਿਤ ਕਰਦਿਆਂ ਇਨ੍ਹਾਂ ਸੰਗ੍ਰਹਿ ਵਿਚਲੀਆਂ ਕਵਿਤਾਵਾਂ ਵਿਚ ਸਮਕਾਲੀ ਦੁਸ਼ਵਾਰੀਆਂ : ਕੋਰੋਨਾ ਕਾਲ, ਕਿਸਾਨ-ਅੰਦੋਲਨ, ਲੋਕਤੰਤਰੀ ਪ੍ਰੰਪਰਾਵਾਂ ਤੇ ਭਰਮ-ਜਾਲ, ਮਨੁੱਖੀ ਹੋਂਦ, ਮਨੁੱਖੀ ਸੋਚ, ਸ਼ੂਨਯ ਤੋਂ ਅੰਕ-ਖੇਡ ਦੀ ਪਰਦਾਦਾਰੀ ਦਾ ਭੇਦ ਚਾਕ ਕਰਨ ਤੋਂ ਇਲਾਵਾ ਮਸ਼ੀਨੀ ਯੁੱਗ ਵਿੱਚ ਮਾਨਵੀ ਰਿਸ਼ਤਿਆਂ ਦੇ ਤਿੜਕਣ ਆਦਿ ਦੇ ਅਨੇਕਾਂ ਵਿਸ਼ੇ 'ਸੁਕਰਾਤ ਦਾ ਗੀਤ' ਤੋਂ ਲੈ ਕੇ 'ਸਾਡਾ ਲੋਕ ਰਾਜ਼ : ਰਿਸ਼ਵਤ ਦੀ ਜੀਵਲ-ਸ਼ੈਲੀ' ਤੱਕ ਦੀਆਂ 67 ਕਵਿਤਾਵਾਂ 'ਚ ਸਮੋਏ ਪਏ ਹਨ। ਇਨ੍ਹਾਂ ਕਵਿਤਾਵਾਂ ਦੇ ਸਿਰਲੇਖਾਂ 'ਚ ਵਰਤੇ ਸ਼ਬਦ : ਫ਼ਲਸਫ਼ਾ, ਯਾਦਾਂ, ਸਹਿ-ਹੋਂਦ, ਹੁਣ, ਸ਼ਾਇਰ, ਕਵਿਤਾ, ਦਿਲ, ਮੁਹੱਬਤ, ਮੁਖੌਟੇ, ਸ਼ਬਦ, ਸਫ਼ਰ, ਪਾਰ ਯਥਾਰਥ, ਸ਼ੀਸ਼ਾ, ਸਮਾਂ, ਲੱਭਤ, ਈਜਾਦ, ਸੁਫ਼ਨੇ, ਖੋਤਾ ਖੂਹ ਵਿੱਚ ਆਦਿ ਹੋਰ ਅਨੇਕਾਂ ਆਪਣੇ ਪ੍ਰੰਪਰਕ ਅਰਥਾਂ ਦੀ ਥਾਂ ਬਦਲਦੇ ਜਾਪਦੇ ਹਨ। ਕਈ ਥਾਈਂ ਆਪਣੀ ਸਾਰਥਕਤਾ ਅਤੇ ਪ੍ਰਸੰਗਤਾ ਵੀ ਗੁਆਉਂਦੇ ਜਾਪਦੇ ਹਨ। 'ਹੋਂਦ ਬਦਲਦੇ ਸੰਦਰਭ' ਕਵਿਤਾ 'ਚ ਅਜਿਹੇ ਭਾਵਾਂ ਦੀ ਪੇਸ਼ਕਾਰੀ ਤਾਂ ਹੈ ਪ੍ਰੰਤੂ ਨਵੀਂ ਜੀਵਨ-ਜਾਚ ਸਿੱਖਣ ਦੀ ਪ੍ਰੇਰਨਾ ਵੀ :-

ਰੰਗਾਂ ਦੇ ਵਿੱਚ ਰੰਗ ਬਣ ਜੀਵੇ,
ਰੁੱਤਾਂ ਦੇ ਵਿੱਚ ਰੁੱਤਾਂ।
ਤਰਕ, ਫਲਸਫ਼ਾ ਤੇ ਵਿਸ਼ਵਾਸ,
ਉਲਝਿਆ ਤਾਣਾ ਬਾਣਾ।

ਇਸ ਕਾਵਿ ਸੰਗ੍ਰਹਿ ਵਿਚ ਪਾਠਕ ਨੂੰ ਲੇਖਕ ਨੇ ਜੀਵਨ ਬਿਓਰੇ ਦੇ ਨਾਲ-ਨਾਲ ਉਸ ਦੇ ਰਚੇ ਸਾਹਿਤ, ਸਾਹਿਤ ਉੱਪਰ ਪ੍ਰਾਪਤ ਆਲੋਚਨਾ, ਲੇਖਕ ਨੂੰ ਮਿਲੇ ਮਾਨ-ਸਨਮਾਨਾਂ ਦਾ ਵੇਰਵਾ ਵੀ ਤਫ਼ਸੀਲ ਨਾਲ ਪ੍ਰਾਪਤ ਹੋਵੇਗਾ। ਖੋਜਾਰਥੀਆਂ ਲਈ ਇਹ ਪੁਸਤਕ ਮੁਫ਼ੀਦ ਰਹੇਗੀ।

ਲੇਖਕ : ਰਵਿੰਦਰ ਰਵੀ
ਮੁੱਲ : 395 ਰੁਪਏ, ਸਫ਼ੇ : 176
ਪ੍ਰਕਾਸ਼ਕ : ਐਵਿਸ ਪਬਲੀਕੇਸ਼ਨਜ਼, ਦਿੱਲੀ
ਸੰਪਰਕ : 9873237223

**-ਸੰਧੂ ਵਰਿਆਣਵੀ (ਪ੍ਰੋ.)**
ਮੋਬਾਈਲ : 9878614096
-'ਅਜੀਤ' (ਜਲੰਧਰ, ਭਾਰਤ) ਦੇ 25 ਸਤੰਬਰ, 2022 ਅੰਕ ਵਿੱਚ-